ਦੇਸ਼-ਵਿਦੇਸ਼ ਤੋਂ ਪੱਤਰਕਾਰਾਂ ਦੀ ਲੋੜ
90416 59160

ਰੋਜ਼ਾਨਾ
ਇਨਕਲਾਬੀ ਸੋਚ ਨੂੰ ਸਮਰਪਿਤ

# ਸਟਿੰਗ ਆਪ੍ਰੇਸ਼ਨ

(ਜਲੰਧਰ)

Postal Regd. No. PB/JL-067/2024-26

RNI Regd. No. PUN/MUL/2012/47956

www.stingoperation.us
E-mail : stingnews24@gmail.com

ਜਲੰਧਰ • ਵੀਰਵਾਰ, 4 ਅਪ੍ਰੈਲ 2024

Visit on facebook
Like us on Facebook
www.facebook.com/Sting Operation
WhatsApp No. : 90416-59160

ਮੁੱਖ ਸੰਪਾਦਕ
ਸੁਦੇਸ਼ ਕੁਮਾਰ ਬੱਗਾ

ਸਾਲ : 13, ਅੰਕ 50, Ph. 0181-7967771 (Landline) Mob. : 90416-59160 , 94177-17088





## ਸੁਖਬੀਰ ਦੀਆਂ ਨਜ਼ਰਾਂ 'ਚ 10 ਉਮੀਦਵਾਰ ਲੱਗਭਗ ਤੈਅ ! 3 ਸੀਟਾਂ ਬਾਰੇ ਚੱਲ ਰਹੀਆਂ ਵਿਚਾਰਾਂ

**ਲੁਧਿਆਣਾ, 3 ਅਪ੍ਰੈਲ (ਸਟਿੰਗ ਆਪ੍ਰੇਸ਼ਨ ਬਿਊਰੋ)-** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਭਾਵੇਂ ਮੰਗਲਵਾਰ ਨੂੰ ਚੰਡੀਗੜ੍ਹ ਵਿਖੇ ਅਕਾਲੀ ਦਲ ਦੇ ਨੇਤਾਵਾਂ ਨਾਲ ਲੰਬੀਆਂ-ਚੌੜੀਆਂ ਮੀਟਿੰਗਾਂ ਕੀਤੀਆਂ ਹਨ ਅਤੇ ਸਾਰੇ ਆਗੂਆਂ ਦੇ ਵਿਚਾਰ ਵੀ ਸੁਣੇ ਹਨ ਪਰ ਭਾਜਪਾ ਨਾਲੋਂ ਵੱਖ ਹੋਣ 'ਤੇ ਪਹਿਲੀ ਵਾਰ ਪੰਜਾਬ 'ਚ ਲੋਕ ਸਭਾ ਦੀ ਚੋਣ ਲੜਾਉਣ ਜਾ ਰਹੇ ਹਨ। ਸੁਖਬੀਰ ਬਾਦਲ ਨੇ 13 'ਚੋਂ 10 ਸੀਟਾਂ ਲਈ ਉਮੀਦਵਾਰਾਂ ਦੇ ਨਾਂ ਲਗਭਗ ਤੈਅ ਕਰ ਲੈਣ ਦੀਆਂ ਖ਼ਬਰਾਂ ਹਨ। ਪਤਾ ਲੱਗਾ ਹੈ ਕਿ ਬਠਿੰਡੇ ਤੋਂ ਬੀਬਾ ਹਰਸਿਮਰਤ ਕੌਰ ਬਾਦਲ, ਸੰਗਰੂਰ ਤੋਂ ਪਰਮਿੰਦਰ ਸਿੰਘ ਢੀਂਡਸਾ, ਪਟਿਆਲਾ ਤੋਂ ਸੁਰਜੀਤ ਸਿੰਘ ਰੱਖੜਾ, ਸ੍ਰੀ ਅਨੰਦਪੁਰ ਸਾਹਿਬ ਤੋਂ ਪ੍ਰੋ. ਚੰਦੂਮਾਜਰਾ ਜਾਂ ਡਾ. ਚੀਮਾ, ਜਲੰਧਰ ਤੋਂ ਪਵਨ ਟੀਨੂ, ਅੰਮ੍ਰਿਤਸਰ ਤੋਂ ਅਨਿਲ ਜੋਸ਼ੀ, ਖਡੂਰ ਸਾਹਿਬ ਤੋਂ ਬਿਕਰਮ ਮਜੀਠੀਆ, ਫਿਰੋਜ਼ਪੁਰ ਤੋਂ ਰੋਜ਼ੀ ਮਾਨ, ਲੁਧਿਆਣਾ ਤੋਂ ਰਣਜੀਤ ਸਿੰਘ ਢਿੱਲੋਂ ਜਾਂ ਕਾਕਾ ਸੂਦ, ਫ਼ਤਿਹਗੜ੍ਹ ਸਾਹਿਬ ਤੋਂ ਬਿਕਰਮ ਸਿੰਘ ਖਾਲਸਾ, ਜਦੋਂਕਿ 3 ਹਲਕੇ ਫਰੀਦਕੋਟ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਬਾਰੇ ਅਜੇ ਉਹ ਗੰਭੀਰਤਾ ਨਾਲ ਸੋਚਦੇ ਦੱਸੇ ਜਾ ਰਹੇ ਹਨ। ਇਹ ਵੀ ਪਤਾ ਲੱਗਾ ਹੈ ਕਿ ਉਕਤ ਉਮੀਦਵਾਰ ਚੋਣ ਲੜਨ ਦੇ ਦਾਅਵੇਦਾਰਾਂ ਨੂੰ ਅੰਦਰਖਾਤੇ ਝੰਡੀ ਦੇ ਦਿੱਤੀ ਹੈ। ਖ਼ਬਰ ਇਹ ਵੀ ਹੈ ਕਿ ਚੋਣਾਂ 'ਚ ਅਜੇ ਸਮਾਂ ਹੋਣ ਕਰ ਕੇ ਇਨ੍ਹਾਂ ਦੇ ਨਾਵਾਂ ਦਾ ਐਲਾਨ ਸੁਖਬੀਰ ਸਿੰਘ ਬਾਦਲ ਮੌਕਾ ਦੇਖ ਕੇ ਕਰਨਗੇ।

## ਪੀਐਮ ਦਾ ਕਾਫਿਲਾ ਰੁਕਣ ਪਿੱਛੇ ਸੀ ਚੰਨੀ ਦਾ ਹੱਥ

# ਰਵਨੀਤ ਬਿੱਟੂ ਖੋਲ੍ਹਣ ਲੱਗਾ ਕਾਂਗਰਸੀਆਂ ਦੀਆਂ ਪੋਲਾਂ






**ਚੰਡੀਗੜ੍ਹ, 3 ਅਪ੍ਰੈਲ (ਸਟਿੰਗ ਆਪ੍ਰੇਸ਼ਨ ਬਿਊਰੋ)-** ਭਾਜਪਾ ਦਾ ਫੁੱਲ ਫੜ੍ਹਦੇ ਸਾਰ ਹੀ ਕੱਟੜ ਕਾਂਗਰਸੀ ਤੋਂ ਭਾਜਪਾਈ ਬਣੇ ਰਵਨੀਤ ਸਿੰਘ ਬਿੱਟੂ ਨੇ ਹੁਣ ਆਪਣੀ ਪੁਰਾਣੀ ਪਾਰਟੀ ਦੇ ਲੀਡਰਾਂ 'ਤੇ ਨਿਸ਼ਾਨੇ ਲਗਾਉਣੇ ਸ਼ੁਰੂ ਕਰ ਦਿੱਤੇ ਹਨ। ਇੱਥੋਂ ਤੱਕ ਕੇ ਕਾਂਗਰਸ ਦੀਆਂ ਪੋਲਾਂ ਖੋਲ੍ਹਣੀਆਂ ਸ਼ੁਰੂ ਕਰ ਦਿੱਤੀਆਂ ਹਨ। ਤੁਹਾਨੂੰ ਯਾਦ ਹੋਵੇਗਾ ਕਿ ਇੱਕ ਵਾਰ ਪੰਜਾਬ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਕਾਫਿਲਾ ਰੋਕਿਆ ਗਿਆ ਸੀ, ਇਸ ਮਾਮਲੇ ਦੀ ਜਾਂਚ ਵੀ ਚੱਲ ਰਹੀ ਹੈ ਕਈ ਪੁਲਿਸ ਅਫ਼ਸਰ ਦੋਸ਼ੀ ਪਾਏ ਗਏ ਹਨ ਕਈਆਂ ਤੇ ਕਾਰਵਾਈ ਵੀ ਹੋਈ ਹੈ। ਹੁਣ ਰਵਨੀਤ ਬਿੱਟੂ ਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਕਿਉਂਕਿ ਉਸ ਸਮੇਂ ਕਾਂਗਰਸ ਦੀ ਸਰਕਾਰ ਵਿੱਚ ਚਰਨਜੀਤ ਸਿੰਘ ਚੰਨੀ ਸੀਐਮ ਸਨ। ਰਵਨੀਤ ਬਿੱਟੂ ਨੇ ਕਿਹਾ ਕਿ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫਿਰੋਜ਼ਪੁਰ ਦਾ ਦੌਰਾ ਕਰਨਾ ਸੀ ਤਾਂ ਉਨ੍ਹਾਂ ਦੇ ਕਾਫਲੇ ਨੂੰ ਰੋਕਣ ਪਿੱਛੇ ਚਰਨਜੀਤ ਸਿੰਘ ਚੰਨੀ ਦਾ ਹੱਥ ਸੀ। ਚੰਨੀ ਨੇ 15-20 ਲੋਕ ਭੇਜ ਕੇ ਮੋਦੀ ਦੇ ਕਾਫ਼ਲੇ ਨੂੰ ਰੋਕਿਆ ਸੀ। ਰਵਨੀਤ ਬਿੱਟੂ ਨੇ ਕਿਹਾ ਕਿ ਖਰਾਬ ਮੌਸਮ ਕਾਰਨ ਮੋਦੀ ਪੰਜਾਬ 'ਚ ਨਵੇਂ ਪ੍ਰੋਜੈਕਟਾਂ ਦਾ ਐਲਾਨ ਕਰਨ ਲਈ ਹੈਲੀਕਾਪਟਰ ਤੋਂ ਰਵਾਨਾ ਹੋ ਕੇ ਸੜਕ ਰਾਹੀਂ ਫ਼ਿਰੋਜ਼ਪੁਰ ਪਹੁੰਚ ਰਹੇ ਸਨ। ਬਿੱਟੂ ਨੇ ਕਿਹਾ ਕਿ ਉਸ ਦਿਨ ਪ੍ਰਧਾਨ ਮੰਤਰੀ ਨੇ ਵੀ ਪੰਜਾਬ ਨੂੰ ਸਬਸਿਡੀ ਦੇਣ ਦਾ ਐਲਾਨ ਕਰਨਾ ਸੀ ਕਿਉਂਕਿ ਇਹ ਸਰਹੱਦੀ ਸੂਬਾ ਹੈ। ਬਿੱਟੂ ਨੇ ਕਿਹਾ ਕਿ ਹੁਣ ਤੱਕ ਪੰਜਾਬ ਵਿੱਚ ਕਈ ਵੱਡੇ ਉਦਯੋਗ ਸਥਾਪਿਤ ਹੋ ਜਾਣੇ ਸਨ। ਪ੍ਰਧਾਨ ਮੰਤਰੀ ਦੇ ਕਾਫਲੇ ਨੂੰ 5 ਫਰਵਰੀ 2022 ਨੂੰ ਰੋਕਿਆ ਗਿਆ ਸੀ। 5 ਜਨਵਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਪੰਜਾਬ ਫੇਰੀ ਦੌਰਾਨ ਫਿਰੋਜ਼ਪੁਰ ਵਿਖੇ ਰੈਲੀ ਅਤੇ ਹੁਸੈਨੀਵਾਲਾ ਵਿਖੇ ਨਤਮਸਤਕ ਹੋਣਾ ਸੀ। ਪੰਜਾਬ ਲਈ ਕਈ ਯੋਜਨਾਵਾਂ ਦੀ ਸ਼ੁਰੂਆਤ ਵੀ ਇਸ ਫੇਰੀ ਦੌਰਾਨ ਪ੍ਰਧਾਨ ਮੰਤਰੀ ਨੇ ਕਰਨੀ ਸੀ। ਖੇਤੀ ਕਾਨੂੰਨ ਰੱਦ ਕਰਨ ਤੋਂ ਬਾਅਦ ਪ੍ਰਧਾਨ ਮੰਤਰੀ ਦਾ ਇਹ ਪਹਿਲਾ ਪੰਜਾਬ ਦੌਰਾ ਅਤੇ ਭਾਜਪਾ ਦਾ ਵੱਡਾ ਸਿਆਸੀ ਪ੍ਰੋਗਰਾਮ ਸੀ। ਪ੍ਰਧਾਨ ਮੰਤਰੀ ਦੇ ਪੰਜਾਬ ਦੌਰੇ ਦੌਰਾਨ ਬਠਿੰਡਾ ਤੋਂ ਫ਼ਿਰੋਜ਼ਪੁਰ ਦਾ ਸਫਰ ਐਮਆਈ-17 ਹੈਲੀਕਾਪਟਰ ਰਾਹੀਂ ਕੀਤਾ ਜਾਣਾ ਸੀ। ਮੌਸਮ ਵਿੱਚ ਤਬਦੀਲੀ ਕਰਕੇ ਇਹ ਸਫ਼ਰ ਹੈਲੀਕਾਪਟਰ ਦੀ ਥਾਂ ਸੜਕ ਰਾਹੀਂ ਤੈਅ ਕਰਨ ਦਾ ਫੈਸਲਾ ਹੋਇਆ। ਪ੍ਰਧਾਨ ਮੰਤਰੀ ਨੇ ਸੜਕ ਰਾਹੀਂ ਬਠਿੰਡਾ ਤੋਂ ਸਫ਼ਰ ਕੀਤਾ। ਇਸ ਦੌਰਾਨ ਫਿਰੋਜ਼ਪੁਰ ਦੇ ਪਿੰਡ ਪਿਆਰੇਆਣਾ ਨੇੜੇ ਸੜਕ ਉੱਤੇ ਧਰਨਾ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਕਾਰਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕਾਫ਼ਲਾ 15-20 ਮਿੰਟਾਂ ਤੱਕ ਰੁਕਿਆ। ਉਸ ਮਗਰੋਂ ਇਹ ਕਾਫ਼ਲਾ ਵਾਪਸ ਦਿੱਲੀ ਵੱਲ ਰਵਾਨਾ ਹੋ ਗਿਆ।

## ਭਾਜਪਾ ਨੇ ਦਿੱਲੀ ਦੀ ਮੰਤਰੀ ਆਤਿਸ਼ੀ ਨੂੰ ਭੇਜਿਆ ਮਾਣਹਾਨੀ ਨੋਟਿਸ

**ਨਵੀਂ ਦਿੱਲੀ , 3 ਅਪ੍ਰੈਲ (ਸਟਿੰਗ ਆਪ੍ਰੇਸ਼ਨ ਬਿਊਰੋ)-** ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਦਿੱਲੀ ਇਕਾਈ ਨੇ ਆਮ ਆਦਮੀ ਪਾਰਟੀ (ਆਪ) ਦੀ ਸੀਨੀਅਰ ਨੇਤਾ ਆਤਿਸ਼ੀ ਨੂੰ ਮਾਣਹਾਨੀ ਨੋਟਿਸ ਭੇਜਿਆ ਅਤੇ ਆਪਣੇ ਇਕ ਬੇਹੱਦ ਕਰੀਬੀ ਵਿਅਕਤੀ ਦੇ ਮਾਧਿਅਮ ਨਾਲ ਉਨ੍ਹਾਂ ਨੂੰ ਭਾਜਪਾ 'ਚ ਸ਼ਾਮਲ ਹੋਣ ਦੇ ਦਾਅਵੇ 'ਤੇ ਜਨਤਕ ਰੂਪ ਨਾਲ ਮੁਆਫ਼ੀ ਮੰਗਣ ਲਈ ਕਿਹਾ ਹੈ। ਦਿੱਲੀ ਸਰਕਾਰ 'ਚ ਮੰਤਰੀ ਆਤਿਸ਼ੀ ਨੇ ਇਕ ਦਿਨ ਪਹਿਲੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਦੇ ਸਮੇਤ 'ਆਪ' ਦੇ ਸੀਨੀਅਰ ਨੇਤਾਵਾਂ ਨੂੰ ਜਲਦ ਹੀ ਗ੍ਰਿਫ਼ਤਾਰ ਕੀਤਾ ਜਾਵੇਗਾ। ਆਤਿਸ਼ੀ ਨੇ ਇਹ ਵੀ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੂੰ ਜਾਂ ਤਾਂ ਭਾਜਪਾ 'ਚ ਸ਼ਾਮਲ ਹੋਣ ਜਾਂ ਫਿਰ ਇਕ ਮਹੀਨੇ ਅੰਦਰ ਇਨਫੋਰਸਮੈਂਟ ਡਾਇਰੈਕਟੋਰੇਟ ਈ.ਡੀ.) ਵਲੋਂ ਗ੍ਰਿਫ਼ਤਾਰ ਕੀਤੇ ਜਾਣ ਲਈ ਤਿਆਰ ਰਹਿਣ ਲਈ ਕਿਹਾ ਗਿਆ ਸੀ।



ਭਾਜਪਾ ਦੀ ਦਿੱਲੀ ਇਕਾਈ ਦੇ ਪ੍ਰਧਾਨ ਵੀਰੇਂਦਰ ਸਚਦੇਵਾ ਨੇ ਬੁੱਧਵਾਰ ਨੂੰ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਆਤਿਸ਼ੀ ਨੂੰ ਮਾਣਹਾਨੀ ਨੋਟਿਸ ਭੇਜ ਦਿੱਤਾ ਗਿਆ ਹੈ ਅਤੇ ਉਨ੍ਹਾਂ ਤੋਂ ਆਪਣੇ ਦਾਅਵੇ ਲਈ ਜਨਤਕ ਰੂਪ ਨਾਲ ਮੁਆਫ਼ੀ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ,"ਆਤਿਸ਼ੀ ਸਬੂਤ ਦੇਣ 'ਚ ਅਸਫ਼ਲ ਰਹੀ ਕਿ ਉਨ੍ਹਾਂ ਨਾਲ ਕਿਸ ਨੇ, ਕਦੋਂ ਅਤੇ ਕਿਵੇਂ ਸੰਪਰਕ ਕੀਤਾ ਸੀ। ਦਿੱਲੀ 'ਚ 'ਆਪ' ਸੰਕਟ ਦਾ ਸਾਹਮਣਾ ਕਰ ਰਹੀ ਹੈ, ਜਿਸ ਕਾਰਨ ਉਹ ਨਾਰਾਜ਼ਗੀ 'ਚ ਇਸ ਤਰ੍ਹਾਂ ਦੇ ਝੂਠੇ ਅਤੇ ਗਲਤ ਦੋਸ਼ ਲਗਾ ਰਹੀ ਹੈ ਪਰ ਅਸੀਂ ਉਨ੍ਹਾਂ ਨੂੰ ਬਚ ਕੇ ਨਹੀਂ ਜਾਣ ਦੇਵਾਂਗੇ।" ਸਚਦੇਵਾ ਨੇ ਆਤਿਸ਼ੀ ਤੋਂ ਆਪਣੇ ਦਾਅਵੇ ਨੂੰ ਸਾਬਤ ਕਰਨ ਲਈ ਆਪਣਾ ਫ਼ੋਨ ਜਾਂਚ ਏਜੰਸੀ ਨੂੰ ਸੌਂਪਣ ਨੂੰ ਕਿਹਾ। ਭਾਜਪਾ ਦੀ ਦਿੱਲੀ ਇਕਾਈ ਦੇ ਵਕੀਲ ਨੇ ਕਿਹਾ ਕਿ ਪਾਰਟੀ ਨੇ ਆਤਿਸ਼ੀ ਨੂੰ ਆਪਣਾ ਬਿਆਨ ਵਾਪਸ ਲੈਣ ਲਈ ਮਾਣਹਾਨੀ ਨੋਟਿਸ ਭੇਜਿਆ ਹੈ। ਵਕੀਲ ਨੇ ਬਿਆਨ ਨੂੰ 'ਝੂਠਾ, ਅਪਮਾਨਜਨਕ ਅਤੇ ਮਨਗੜ੍ਹਤ' ਕਰਾਰ ਦਿੱਤਾ ਅਤੇ ਦਾਅਵਾ ਕੀਤਾ ਕਿ ਇਹ ਬਿਆਨ 'ਗਲਤ ਇਰਾਦੇ' ਨਾਲ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਜੇਕਰ ਆਤਿਸ਼ੀ ਆਪਣੇ ਦਾਅਵੇ ਨੂੰ ਸਾਬਿਤ ਕਰਨ 'ਚ ਅਸਫ਼ਲ ਰਹਿੰਦੀ ਹੈ ਤਾਂ ਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਤਿਹਾੜ ਜੇਲ੍ਹ 'ਚ ਬੰਦ ਕੇਜਰੀਵਾਲ ਦਾ ਤੇਜ਼ੀ ਨਾਲ ਘੱਟ ਰਿਹੈ ਵਜ਼ਨ, ਚਿੰਤਾ 'ਚ ਡਾਕਟਰ



**ਨਵੀਂ ਦਿੱਲੀ, 3 ਅਪ੍ਰੈਲ (ਸਟਿੰਗ ਆਪ੍ਰੇਸ਼ਨ ਬਿਊਰੋ)-** ਸ਼ਰਾਬ ਘਪਲੇ ਮਾਮਲੇ ਵਿਚ ਗ੍ਰਿਫ਼ਤਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਵਜ਼ਨ ਜੇਲ੍ਹ ਵਿਚ ਤੇਜ਼ੀ ਨਾਲ ਘੱਟ ਰਿਹਾ ਹੈ। ਆਮ ਆਦਮੀ ਪਾਰਟੀ ਦੇ ਸੂਤਰਾਂ ਨੇ ਇਹ ਦਾਅਵਾ ਕੀਤਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਗ੍ਰਿਫ਼ਤਾਰੀ ਮਗਰੋਂ ਹੁਣ ਤੱਕ ਕੇਜਰੀਵਾਲ ਦਾ ਸਾਢੇ 4 ਕਿਲੋ ਵਜ਼ਨ ਘੱਟ ਹੋਇਆ ਹੈ। ਇਹ ਵੀ ਦੱਸਿਆ ਗਿਆ ਹੈ ਕਿ ਤੇਜ਼ੀ ਨਾਲ ਡਿੱਗਦੇ ਵਜ਼ਨ ਕਾਰਨ ਡਾਕਟਰਾਂ ਨੇ ਵੀ ਚਿੰਤਾ ਜਤਾਈ ਹੈ। ਇਸ ਤੋਂ ਪਹਿਲਾਂ ਕੇਜਰੀਵਾਲ ਦਾ ਸ਼ੂਗਰ ਦਾ ਪੱਧਰ ਵੀ ਘੱਟ ਹੋਣ ਦੀ ਗੱਲ ਸਾਹਮਣੇ ਆਈ ਸੀ। ਜੇਲ੍ਹ ਸੂਤਰਾਂ ਦੇ ਹਵਾਲੇ ਤੋਂ ਖ਼ਬਰ ਦਿੱਤੀ ਗਈ ਕਿ ਕੇਜਰੀਵਾਲ ਨੂੰ ਜਦੋਂ ਤਿਹਾੜ ਜੇਲ੍ਹ ਲਿਆਂਦਾ ਗਿਆ ਤਾਂ ਮੈਡੀਕਲ ਪਰੀਖਣ ਵਿਚ ਉਨ੍ਹਾਂ ਦੇ ਸ਼ੂਗਰ ਦਾ ਪੱਧਰ 50 ਤੋਂ ਘੱਟ ਪਾਇਆ ਗਿਆ। ਇਸ ਤੋਂ ਬਾਅਦ ਡਾਕਟਰਾਂ ਦੀ ਸਲਾਹ 'ਤੇ ਉਨ੍ਹਾਂ ਨੂੰ ਦਵਾਈ ਦਿੱਤੀ ਗਈ। ਈਡੀ ਰਿਮਾਂਡ ਦੌਰਾਨ ਵੀ ਉਨ੍ਹਾਂ ਦੀ ਸ਼ੂਗਰ ਦਾ ਪੱਧਰ ਘੱਟ ਸੀ। ਜੇਲ੍ਹ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਕੇਜਰੀਵਾਲ ਦੀ ਸਿਹਤ ਦਾ ਪੂਰੀ ਖਿਆਲ ਰੱਖਿਆ ਜਾ ਰਿਹਾ ਹੈ। ਉਨ੍ਹਾਂ ਦੀ ਸਿਹਤ ਦੀ ਲਗਾਤਾਰ ਜਾਂਚ ਕਰਵਾਈ ਜਾ ਰਹੀ ਹੈ। ਕੇਜਰੀਵਾਲ ਦੀ ਸਿਹਤ ਨੂੰ ਧਿਆਨ ਵਿਚ ਰੱਖ ਕੇ ਹੀ ਉਨ੍ਹਾਂ ਨੂੰ ਘਰ ਦਾ ਖਾਣਾ ਖਾਣ ਦੀ ਇਜਾਜ਼ਤ ਕੋਰਟ ਵਲੋਂ ਦਿੱਤੀ ਗਈ ਸੀ। ਕੇਜਰੀਵਾਲ ਦਾ ਲੰਚ ਅਤੇ ਡਿਨਰ ਉਨ੍ਹਾਂ ਦੇ ਘਰ ਤੋਂ ਪਹੁੰਚਾਇਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਕੇਜਰੀਵਾਲ ਨੂੰ ਸ਼ਰਾਬ ਘਪਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿਚ 21 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ 10 ਦਿਨਾਂ ਤੱਕ ਈਡੀ ਦੀ ਰਿਮਾਂਡ 'ਤੇ ਰਹੇ ਅਤੇ ਸਵਾਲਾਂ ਦਾ ਸਾਹਮਣਾ ਕੀਤਾ। ਇਸ ਤੋਂ ਬਾਅਦ 1 ਅਪ੍ਰੈਲ ਨੂੰ ਕੋਰਟ ਨੇ ਉਨ੍ਹਾਂ ਨੂੰ 15 ਦਿਨ ਦੀ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ। ਕੇਜਰੀਵਾਲ ਨੂੰ 15 ਅਪ੍ਰੈਲ ਤੱਕ ਜੇਲ੍ਹ ਵਿਚ ਰਹਿਣਾ ਪਵੇਗਾ। ਇਹ ਪਹਿਲਾ ਮੌਕਾ ਹੈ ਜਦੋਂ ਅਹੁਦੇ 'ਤੇ ਰਹਿੰਦੇ ਹੋਏ ਕਿਸੇ ਮੁੱਖ ਮੰਤਰੀ ਨੂੰ ਜੇਲ੍ਹ ਜਾਣਾ ਪਿਆ ਹੈ। ਕੇਜਰੀਵਾਲ ਨੂੰ ਤਿਹਾੜ ਜੇਲ੍ਹ ਨੰਬਰ-2 ਵਿਚ ਰੱਖਿਆ ਗਿਆ ਹੈ।

## ਦਰਦਨਾਕ: ਘਰ 'ਚ ਅੱਗ ਲੱਗਣ ਕਾਰਨ ਇਕੋ ਪਰਿਵਾਰ ਦੇ 2 ਬੱਚਿਆਂ ਸਣੇ 7 ਜੀਆਂ ਦੀ ਮੌਤ

**ਸੰਭਾਜੀਨਗਰ -** ਮਹਾਰਾਸ਼ਟਰ ਦੇ ਛਤਰਪਤੀ ਸੰਭਾਜੀਨਗਰ ਦੇ ਛਾਉਣੀ ਖੇਤਰ ਵਿੱਚ ਬੁੱਧਵਾਰ ਤੜਕੇ ਇੱਕ ਕੱਪੜੇ ਦੀ ਦੁਕਾਨ ਵਿੱਚ ਅੱਗ ਲੱਗਣ ਕਾਰਨ ਉਪਰਲੀ ਮੰਜ਼ਿਲ 'ਤੇ ਸੌਂ ਰਹੇ ਇੱਕ ਹੀ ਪਰਿਵਾਰ ਦੇ 7 ਮੈਂਬਰਾਂ ਦੀ ਮੌਤ ਹੋ ਗਈ। ਪੀੜਤਾਂ ਵਿੱਚ 2 ਨਾਬਾਲਗ, 3 ਔਰਤਾਂ ਅਤੇ 2 ਪੁਰਸ਼ ਸ਼ਾਮਲ ਹਨ । ਮ੍ਰਿਤਕਾਂ ਦੀ ਪਛਾਣ ਹਮੀਦਾ ਬੇਗਮ (50) ਅਤੇ ਉਨ੍ਹਾਂ ਦੇ ਪੁੱਤਰਾਂ ਸ਼ੇਖ ਸੋਹੇਲ (35), ਵਸੀਮ ਸ਼ੇਖ (30) ਅਤੇ ਨੂੰਹਾਂ ਰੇਸ਼ਮਾ ਸੋਹੇਲ ਸ਼ੇਖ (22), ਤਨਵੀਰ ਵਸੀਮ ਸ਼ੇਖ (23) ਅਤੇ ਉਨ੍ਹਾਂ ਦੇ ਬੱਚਿਆਂ ਅਜ਼ੀਮ ਵਸੀਮ ਸ਼ੇਖ (3) ਅਤੇ ਪਰੀ ਵਸੀਮ ਸ਼ੇਖ (2) ਦੇ ਰੂਪ ਵਿੱਚ ਹੋਈ। ਪੁਲਸ ਕਮਿਸ਼ਨਰ ਮਨੋਜ ਲੋਹੀਆ ਨੇ ਦੱਸਿਆ ਕਿ ਅੱਗ ਸਵੇਰੇ 4 ਵਜੇ ਦੁਕਾਨ 'ਚ ਅੱਗ ਲੱਗੀ ਅਤੇ ਤੇਜ਼ੀ ਨਾਲ ਉੱਪਰ ਦੀਆਂ 2 ਮੰਜ਼ਿਲਾਂ ਤੱਕ ਫੈਲ ਗਈ, ਜਿੱਥੇ ਪਰਿਵਾਰ ਸੌਂ ਰਿਹਾ ਸੀ।

## ਡਾਂਸਰ ਸਿਮਰ ਸੰਧੂ ਵਿਵਾਦ 'ਚ ਨਵਾਂ ਮੋੜ, ਮਹਿਲਾ ਕਮਿਸ਼ਨ ਨੇ ਕੀਤੀ ਵੱਡੀ ਕਾਰਵਾਈ

**ਲੁਧਿਆਣਾ, 3 ਅਪ੍ਰੈਲ (ਸਟਿੰਗ ਆਪ੍ਰੇਸ਼ਨ ਬਿਊਰੋ)-** ਲੁਧਿਆਣਾ ਦੇ ਦੁੱਗਰੀ ਇਲਾਕੇ ਦੀ ਰਹਿਣ ਵਾਲੀ ਡਾਂਸਰ ਸਿਮਰ ਸੰਧੂ ਦਾ ਡੀ. ਐੱਸ. ਪੀ ਦੇ ਰੀਡਰ ਨਾਲ ਝੜਪ ਦਾ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਹੁਣ ਪੰਜਾਬ ਮਹਿਲਾ ਕਮਿਸ਼ਨ ਨੇ ਨੋਟਿਸ ਜਾਰੀ ਕੀਤਾ ਹੈ। ਖੰਨਾ ਦੀ ਐੱਸ.ਪੀ. ਨੂੰ 1 ਹਫਤੇ ਵਿਚ ਇਸ ਮਾਮਲੇ ਵਿਚ ਡੀ. ਐੱਸ. ਪੀ ਪੱਧਰ 'ਤੇ ਜਾਂਚ ਕਰਵਾ ਕੇ ਰਿਪੋਰਟ ਸੌਂਪਣ ਲਈ ਆਖਿਆ ਗਿਆ ਹੈ। ਦੂਜੇ ਪਾਸੇ ਡੀ. ਐੱਸ. ਪੀ. ਸਮਰਾਲਾ ਤਰਲੋਚਨ ਸਿੰਘ ਨੇ ਕਿਹਾ ਕਿ ਅਜੇ ਮਹਿਲਾ ਕਮਿਸ਼ਨ ਦਾ ਨੋਟਿਸ ਉਨ੍ਹਾਂ ਨੂੰ ਨਹੀਂ ਮਿਲਿਆ ਹੈ। ਨੋਟਿਸ ਮਿਲਣ ਤੋਂ ਤੁਰੰਤ ਬਾਅਦ ਰਿਪੋਰਟ ਸੌਂਪ ਦਿੱਤੀ ਜਾਵੇਗੀ। ਦੱਸਿਆ ਜਾ ਰਿਹਾ ਹੈ ਕਿ ਇਸ ਮਾਮਲੇ ਵਿੱਚ ਸਮਰਾਲਾ ਪੁਲਸ ਨੇ ਜਗਰੂਪ ਸਿੰਘ ਨਿਵਾਸੀ ਪਿੰਡ ਰਾਨਵਾ ਅਤੇ ਤਿੰਨ ਅਣਪਛਾਤੇ ਲੋਕਾਂ 'ਤੇ ਕੇਸ ਦਰਜ ਕੀਤਾ ਹੈ ਜਦਕਿ ਸਿਮਰ ਸੰਧੂ ਦਾ ਦੋਸ਼ ਸੀ ਕਿ ਮੁਲਜ਼ਮਾਂ 'ਤੇ ਹਲਕੀਆਂ ਧਾਰਾਵਾਂ ਲਗਾਈਆਂ ਗਈਆਂ ਹਨ। ਇਸ ਘਟਨਾ ਤੋਂ ਬਾਅਦ ਡਾਂਸਰ ਨੇ ਆਪਣੇ ਘਰ ਵਿਚ ਇਕ ਪ੍ਰੈੱਸ ਕਾਨਫਰੰਸ ਕੀਤੀ, ਜਿਸ ਵਿਚ ਉਸ ਨੇ ਦੱਸਿਆ ਕਿ ਮੇਰਾ ਨਾਮ ਸਿਮਰ ਸੰਧੂ ਹੈ ਅਤੇ ਉਹ ਪ੍ਰੋਗਰਾਮਾਂ ਵਿਚ ਸਟੇਡ 'ਤੇ ਡਾਂਸ ਕਰਦੀ ਹੈ। ਆਏ ਦਿਨ ਉਸ ਨੂੰ ਸਟੇਜ 'ਤੇ ਪਰਫੋਰਮੈਂਸ ਦੌਰਾਨ ਲੋਕਾਂ ਦੀਆਂ ਗੱਲਾਂ ਸੁਣਨੀਆਂ ਪੈਂਦੀਆਂ ਹਨ ਪਰ ਜੋ ਇਸ ਘਟਨਾ ਵਿਚ ਹੋਇਆ ਉਸਨੇ ਮੇਰੇ ਮਨ ਨੂੰ ਬੜੀ ਠੇਸ ਪਹੁੰਚਾਈ। ਇਸ ਵਿਚ ਸਟੇਜ ਦੇ ਹੇਠਾਂ ਖੜੇ ਇਕ ਵਿਅਕਤੀ ਨੇ ਮੈਨੂੰ ਕਿਹਾ ਕਿ ਤੂੰ ਥੱਲੇ ਆ ਕੇ ਸਾਡੇ ਨਾਲ ਡਾਂਸ ਕਰ। ਇਸ 'ਤੇ ਮੈਂ ਹੇਠਾਂ ਆਉਣ ਤੋਂ ਇਨਕਾਰ ਕਰ ਦਿੱਤਾ। ਇਸ 'ਤੇ ਉਕਤ ਵਿਅਕਤੀ ਨੇ ਮੈਨੂੰ ਸਟੇਜ ਤੋਂ ਜਾਣ ਲਈ ਕਿਹਾ ਅਤੇ ਮੈਂ ਇਕ ਵਾਰੀ ਸਟੇਜ ਤੋਂ ਚਲੀ ਗਈ ਫਿਰ ਦੂਸਰੀ ਵਾਰੀ ਮੈਨੂੰ ਇਹ ਕਿਹਾ ਗਿਆ ਕਿ ਉਹ ਸਾਰੇ ਤੁਹਾਨੂੰ ਸਟੇਜ 'ਤੇ ਡਾਂਸ ਲਈ ਬੁਲਾ ਰਹੇ ਹਨ। ਮੈਂ ਫਿਰ ਸਟੇਜ ਉੱਪਰ ਆ ਗਈ ਫਿਰ ਉਸ ਵਿਅਕਤੀ ਨੇ ਮੈਨੂੰ ਹੇਠਾਂ ਆਉਣ ਲਈ ਕਿਹਾ ਅਤੇ ਮੈਂ ਕਿਹਾ ਕਿ ਮੈਨੂੰ ਸਿਰਫ ਸਟੇਜ 'ਤੇ ਡਾਂਸ ਕਰਨ ਲਈ ਕਿਹਾ ਗਿਆ ਹੈ, ਮੈਂ ਅਜੇ ਉਕਤ ਨਾਲ ਗੱਲ ਹੀ ਕਰ ਰਹੀ ਸੀ ਕਿ ਦੂਸਰੇ ਵਿਅਕਤੀ ਨੇ ਆ ਕੇ ਮੇਰੇ ਵੱਲ ਕੱਚ ਦਾ ਗਲਾਸ ਮਾਰਿਆ। ਇਸ ਤੋਂ ਮੈਂ ਬਚ ਗਈ ਅਤੇ ਉਸ ਤੋਂ ਬਾਅਦ ਉਨ੍ਹਾਂ ਨੇ ਮੈਨੂੰ ਬਾਹਾਂ ਤੋਂ ਫੜ ਲਿਆ ਅਤੇ ਗਾਲਾਂ ਕੱਢਣੀਆਂ ਸ਼ੁਰੂ ਕਰ ਦਿੱਤੀ। ਜਿਸ ਦੇ ਜਵਾਬ ਵਿਚ ਮੈਂ ਵੀ ਗਾਲੀ ਗਲੋਚ ਕੀਤਾ।






ਸਟਿੰਗ ਆਪ੍ਰੇਸ਼ਨ

www.stingoperation.us





Publisher/Chief Editor

**Sudesh Kumar Bagga**

Sting Operation (News Paper)

stingnews24@gmail.com

www.stingoperation.us

Mob. : 90416-59160

**Head Office :**

#125, Nakodar Road

Malko (Jalandhar) 144026 Pb. (India)

Mob. : 90416-59160, 94177-17088


## ਸਕਾਰਾਤਮਕ ਸੋਚ, ਭਰਪੂਰ ਨੀਂਦ, ਹੱਥੀਂ ਕੰਮ ਅਤੇ ਪੌਸ਼ਕ ਆਹਾਰ ਹਨ ਚੰਗੀ ਸਿਹਤ ਦੇ ਰਾਜ

### 7 ਅਪ੍ਰੈਲ ਨੂੰ ਵਿਸ਼ਵ ਸਿਹਤ ਦਿਵਸ ਤੇ ਵਿਸ਼ੇਸ਼

ਅਸੀਂ ਸਾਰੇ ਚੰਗੀ ਸਿਹਤ ਦੀ ਇੱਛਾ ਰੱਖਦੇ ਹਾਂ ਪਰ ਕੀ ਅਸੀਂ ਆਪਣੀ ਸਿਹਤ ਨੂੰ ਗੰਭੀਰਤਾ ਨਾਲ ਲੈਂਦੇ ਹਾਂ ? ਸ਼ਾਇਦ ਨਹੀਂ। ਲੋਕਾਂ ਨੂੰ ਚੰਗੀ ਸਿਹਤ, ਖਾਣ-ਪੀਣ ਦੇ ਚੰਗੇ ਅਸੂਲ ਅਤੇ ਬੀਮਾਰੀਆਂ ਤੋਂ ਬਚਾਓ ਲਈ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਜਾਣੂ ਕਰਵਾਉਣ ਅਤੇ ਸਿਹਤ ਸੰਬੰਧੀ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ ਦੇ ਉਦੇਸ਼ ਦੀ ਪੂਰਤੀ ਲਈ ਹਰ ਸਾਲ 7 ਅਪ੍ਰੈਲ ਨੂੰ ਵਿਸ਼ਵ ਸਿਹਤ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਹ ਕਈ ਮਹੱਤਵਪੂਰਨ ਦਿਨਾਂ ਵਿੱਚੋਂ ਇੱਕ ਹੈ।ਇਹ ਦਿਨ ਸਿਰਫ਼ ਇੱਕ ਦਿਨ ਨਹੀਂ, ਸਗੋਂ ਆਧੁਨਿਕਤਾ ਦੇ ਯੁੱਗ ਵਿੱਚ ਚੱਲ ਰਹੇ ਲੋਕਾਂ ਨੂੰ ਉਨ੍ਹਾਂ ਦੀ ਸਿਹਤ ਪ੍ਰਤੀ ਜਾਗਰੂਕਤਾ ਪ੍ਰਦਾਨ ਕਰਨ ਦਾ ਉਪਰਾਲਾ ਹੈ। ਵਿਸ਼ਵ ਸਿਹਤ ਦਿਵਸ ਮਨਾਉਣਾ 1950 ਤੋਂ ਸ਼ੁਰੂ ਹੋਇਆ। ਇਸ ਤੋਂ ਪਹਿਲਾਂ 7 ਅਪ੍ਰੈਲ 1948 ਨੂੰ ਸੰਯੁਕਤ ਰਾਸ਼ਟਰ ਦੀ ਇਕ ਹੋਰ ਸਹਿਯੋਗੀ ਸੰਸਥਾ ਵਜੋਂ ਵਿਸ਼ਵ ਸਿਹਤ ਸੰਗਠਨ ਦੀ ਸਥਾਪਨਾ 193 ਦੇਸ਼ਾਂ ਦੀ ਮੈਂਬਰਸ਼ਿਪ ਨਾਲ ਸਵਿਟਜ਼ਰਲੈਂਡ ਦੇ ਜਨੇਵਾ ਵਿਚ ਹੋਈ।



ਵਿਸ਼ਵ ਸਿਹਤ ਸੰਗਠਨ ਦੀ 76 ਵੀਂ ਵਰ੍ਹੇਗੰਢ ਨੂੰ ਮਨਾਉਣ ਲਈ ਅਤੇ ਸਿਹਤ ਸੰਬੰਧੀ ਚੁਣੌਤੀਆਂ ਨੂੰ ਹੱਲ ਕਰਨ ਲਈ ਵਿਸ਼ਵ ਸਿਹਤ ਦਿਵਸ 2024 ਦਾ ਥੀਮ 'ਮੇਰੀ ਸਿਹਤ, ਮੇਰਾ ਹੱਕ' ਹੈ। ਇਸ ਸਾਲ ਦਾ ਇਹ ਥੀਮ ਹਰ ਕਿਸੇ ਦੇ ਸਿਹਤ ਸੰਬੰਧੀ ਹੱਕ, ਹਰ ਜਗ੍ਹਾ ਮਿਆਰੀ ਸਿਹਤ ਸੇਵਾਵਾਂ, ਸਿੱਖਿਆ ਅਤੇ ਜਾਣਕਾਰੀ ਤੱਕ ਪਹੁੰਚ ਦੇ ਨਾਲ-ਨਾਲ ਸੁਰੱਖਿਅਤ ਪੀਣ ਵਾਲਾ ਪਾਣੀ, ਸਾਫ਼ ਹਵਾ, ਚੰਗੀ ਪੋਸ਼ਣ ਵਾਲ਼ੀ ਖ਼ੁਰਾਕ,ਗੁਣਵੱਤਾ ਵਾਲੀ ਰਿਹਾਇਸ਼, ਕੰਮ ਕਰਨ ਲਈ ਵਧੀਆ ਵਾਤਾਵਰਣ ਲਈ ਚੁਣਿਆ ਗਿਆ ਹੈ।

ਵਿਸ਼ਵ ਸਿਹਤ ਦਿਵਸ ਇੱਕ ਵਿਸ਼ਵਵਿਆਪੀ ਸਿਹਤ ਜਾਗਰੂਕਤਾ ਦਿਵਸ ਹੈ ਜੋ ਹਰ ਸਾਲ 7 ਅਪ੍ਰੈਲ ਨੂੰ ਡਬਲਯੂਐਚਓ (WHO) ਅਤੇ ਹੋਰ ਸਬੰਧਤ ਸੰਸਥਾਵਾਂ ਦੀ ਅਗਵਾਈ ਹੇਠ ਮਨਾਇਆ ਜਾਂਦਾ ਹੈ। ਵਿਸ਼ਵ ਸਿਹਤ ਸੰਗਠਨ ਦਾ ਮੁੱਖ ਦਫ਼ਤਰ ਸਵਿਟਜ਼ਰਲੈਂਡ ਦੇ ਜਨੇਵਾ ਸ਼ਹਿਰ ਵਿੱਚ ਸਥਿਤ ਹੈ। ਇਥੋਪੀਆ ਤੋਂ ਡਾ. ਟੈਡਰੋਸ ਐਡਰੇਨੋਮ ਵਿਸ਼ਵ ਸਿਹਤ ਸੰਗਠਨ ਦੇ ਡਾਇਰੈਕਟਰ-ਜਨਰਲ ਹਨ। ਵਿਸ਼ਵ ਸਿਹਤ ਸੰਗਠਨ ਦੀ ਮੈਂਬਰਸ਼ਿਪ ਵਿੱਚ ਭਾਰਤ ਵੀ ਸ਼ਾਮਲ ਹੈ ਅਤੇ ਇਸ ਦਾ ਮੁੱਖ ਦਫਤਰ ਦਿੱਲੀ ਵਿੱਚ ਸਥਿਤ ਹੈ।

ਕਿਹਾ ਜਾਂਦਾ ਹੈ ਕਿ ਸਭ ਤੋਂ ਪਹਿਲੀ ਖੁਸ਼ੀ ਤੰਦਰੁਸਤ ਸਰੀਰ ਹੈ,ਯਾਨੀ ਜੇਕਰ ਸਿਹਤ ਠੀਕ ਹੋਵੇ ਤਾਂ ਦੁਨੀਆ ਦੇ ਸਾਰੇ ਸੁੱਖ ਹੁੰਦੇ ਹਨ। ਬਚਪਨ ਤੋਂ ਹੀ ਦੱਸਿਆ ਜਾਂਦਾ ਹੈ ਕਿ ਸਿਹਤ ਦੁਨੀਆ ਦੀ ਸਭ ਤੋਂ ਕੀਮਤੀ ਚੀਜ਼ ਹੈ। ਵੱਡੇ ਹੋ ਕੇ ਇਹ ਗੱਲ 100% ਸਹੀ ਸਾਬਤ ਹੋਣ ਲੱਗਦੀ ਹੈ। ਅਸੀਂ ਚੰਗੀ ਸਿਹਤ ਖਰੀਦ ਤਾਂ ਨਹੀਂ ਸਕਦੇ ਪਰ ਅਸੀਂ ਇਸਨੂੰ ਕਸਰਤ, ਯੋਗਾ ਅਤੇ ਸੰਤੁਲਿਤ ਖੁਰਾਕ ਦੁਆਰਾ ਪ੍ਰਾਪਤ ਕਰ ਸਕਦੇ ਹਾਂ। ਸਵੈ-ਨਿਯੰਤਰਣ ਆਪਣੇ ਆਪ ਨੂੰ ਸਿਹਤਮੰਦ ਰੱਖਣ ਵਿੱਚ ਮਹੱਤਵਪੂਰਣ ਭੂਮਿਕਾ ਅਦਾ ਕਰਦਾ ਹੈ। ਅੱਜ ਬਹੁਤ ਸਾਰੇ ਬੱਚੇ ਸਮੇਂ ਸਿਰ ਸਹੀ ਭੋਜਨ ਨਾ ਮਿਲਣ ਕਾਰਨ ਕੁਪੋਸ਼ਣ ਦਾ ਸ਼ਿਕਾਰ ਹੋ ਰਹੇ ਹਨ।ਕਈ ਬੱਚੇ ਅਤੇ ਬਾਲਗ ਵੱਖ-ਵੱਖ ਅਤੇ ਖਤਰਨਾਕ ਬਿਮਾਰੀਆਂ ਤੋਂ ਪੀੜਤ ਹਨ। ਇੰਨਾ ਹੀ ਨਹੀਂ ਅੱਜ ਸਾਡਾ ਖਾਣ ਪਾਣ ਅਤੇ ਭੋਜਨ ਸ਼ੁੱਧ ਨਹੀਂ ਹੈ। ਪੁਰਾਣੇ ਸਮਿਆਂ ਵਿਚ ਅਸੀਂ ਬਾਜਰਾ, ਜਵੀ, ਜਵਾਰ, ਮੱਕੀ ਦੀ ਰੋਟੀ, ਸਰ੍ਹੋਂ ਦਾ ਸਾਗ, ਮੱਕੀ ਦੇ ਦਾਣੇ ਆਦਿ ਖਾਂਦੇ ਸੀ ਪਰ ਅੱਜ ਆਧੁਨਿਕਤਾ ਦੀ ਦੌੜ ਵਿਚ ਸਾਡਾ ਖਾਣ ਪਾਣ ਅਤੇ ਭੋਜਨ ਦੂਸ਼ਿਤ ਹੋ ਗਿਆ ਹੈ ਅਤੇ ਜੀਵਨ ਸ਼ੈਲੀ ਬਦਲ ਗਈ ਹੈ। ਅੱਜ ਕੱਲ੍ਹ ਦੀ ਪੀੜ੍ਹੀ ਹਰ ਹਫ਼ਤੇ 3 ਤੋਂ 4 ਦਿਨ ਬਾਹਰਲੇ ਭੋਜਨ, ਜੰਕ ਫੂਡ, ਬਰਗਰ, ਨੂਡਲ, ਟਿੱਕੀ, ਮੋਮੋਜ਼, ਡੋਸਾ ਅਤੇ ਰੈਸਟੋਰੈਂਟ ਵਿੱਚ ਲੰਚ ਅਤੇ ਡਿਨਰ ਲਈ ਜਾਂਦੇ ਹਨ। ਜਿਸ ਭੋਜਨ ਨੂੰ ਅਸੀਂ ਬੜੇ ਚਾਅ ਨਾਲ ਖਾਂਦੇ ਹਾਂ, ਉਸ ਬਾਰੇ ਸਾਨੂੰ ਇਹ ਵੀ ਨਹੀਂ ਪਤਾ ਹੁੰਦਾ ਕਿ ਉਹ ਭੋਜਨ ਕਿੰਨਾ ਪੁਰਾਣਾ ਹੈ ਅਤੇ ਕਿੰਨਾ ਨੁਕਸਾਨ ਹੁੰਦਾ ਹੈ।

ਕਿਸੇ ਨੇ ਠੀਕ ਹੀ ਕਿਹਾ ਹੈ ਕਿ ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਮਨ ਦਾ ਨਿਰਮਾਣ ਹੁੰਦਾ ਹੈ, ਭਾਵ ਜੇਕਰ ਸਰੀਰ ਤੰਦਰੁਸਤ ਹੋਵੇਗਾ ਤਾਂ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਵਧੇਰੇ ਹੋਵੇਗੀ ਅਤੇ ਕੋਈ ਵੀ ਬਿਮਾਰੀ ਤੁਹਾਨੂੰ ਜਲਦੀ ਆਪਣੀ ਲਪੇਟ ਵਿੱਚ ਨਹੀਂ ਲੈ ਸਕੇਗੀ।

ਅਜੋਕੇ ਸਮੇਂ ਵਿੱਚ ਆਧੁਨਿਕੀਕਰਨ ਵਧਣ ਨਾਲ ਬਿਮਾਰੀਆਂ ਵੀ ਵੱਧ ਰਹੀਆਂ ਹਨ। ਵਿਸ਼ਵ ਵਿੱਚ ਫੈਲੀਆਂ ਬਿਮਾਰੀਆਂ ਦੀ ਰੋਕਥਾਮ ਬਾਰੇ ਜਾਗਰੂਕਤਾ ਫੈਲਾਉਣ ਦੇ ਉਦੇਸ਼ ਨਾਲ ਵਿਸ਼ਵ ਪੱਧਰ 'ਤੇ ਵਿਸ਼ਵ ਸਿਹਤ ਦਿਵਸ ਮਨਾਇਆ ਜਾਂਦਾ ਹੈ।

**ਵਿਸ਼ਵ ਸਿਹਤ ਸੰਗਠਨ ਦਾ ਉਦੇਸ਼** : ਵਿਸ਼ਵ ਸਿਹਤ ਸੰਗਠਨ ਦਾ ਮੁੱਖ ਉਦੇਸ਼ ਵਿਸ਼ਵ ਸਿਹਤ ਸੰਗਠਨ ਦੇ ਮੈਂਬਰ ਦੇਸ਼ਾਂ ਦੀ ਮਦਦ ਨਾਲ ਵਿਸ਼ਵ ਵਿੱਚ ਪ੍ਰਚਲਿਤ ਮਲੇਰੀਆ, ਕੋੜ੍ਹ, ਪੋਲੀਓ ਵਰਗੀਆਂ ਬਿਮਾਰੀਆਂ ਦੀ ਗੰਭੀਰ ਸਮੱਸਿਆ ਨੂੰ ਦੂਰ ਕਰਨਾ ਹੈ। ਪੂਰੀ ਦੁਨੀਆ ਵਿਚ ਇਨ੍ਹਾਂ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਦਾ ਇਲਾਜ ਕਰਨਾ ਹੈ ਅਤੇ ਕੁਪੋਸ਼ਣ ਨੂੰ ਦੂਰ ਕਰਨਾ ਹੈ। ਵਿਸ਼ਵ ਸਿਹਤ ਸੰਗਠਨ ਦੀ ਮਦਦ ਨਾਲ ਕਈ ਬਿਮਾਰੀਆਂ ਜਿਵੇਂ ਮਲੇਰੀਆ, ਪੋਲੀਓ, ਨਜ਼ਰ ਦੀਆਂ ਬਿਮਾਰੀਆਂ ਆਦਿ 'ਤੇ ਕਾਬੂ ਪਾਇਆ ਗਿਆ ਹੈ। ਇਸੇ ਤਰ੍ਹਾਂ 1955 ਵਿੱਚ, ਵਿਸ਼ਵ ਨੂੰ ਪੋਲੀਓ ਮੁਕਤ ਬਣਾਉਣ ਲਈ ਪੋਲੀਓ ਖਾਤਮਾ ਦਾ ਵਿਸ਼ਾ ਚੁਣਿਆ ਗਿਆ ਸੀ। ਨਤੀਜੇ ਵਜੋ ਜ਼ਿਆਦਾਤਰ ਦੇਸ਼ ਹੁਣ ਪੋਲੀਓ ਮੁਕਤ ਹਨ। ਵਿਸ਼ਵ ਸਿਹਤ ਦਿਵਸ ਵਿਸ਼ਵ ਭਰ ਵਿੱਚ ਵਿਆਪਕ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਵਿੱਚ ਸਰਕਾਰੀ, ਗੈਰ-ਸਰਕਾਰੀ ਸੈਕਟਰ, ਐਨ.ਜੀ.ਓਜ਼ ਆਦਿ ਰਾਹੀਂ ਪਿੰਡਾਂ, ਸ਼ਹਿਰਾਂ, ਕਸਬਿਆਂ ਦੇ ਲੋਕਾਂ ਵਿੱਚ ਬਿਮਾਰੀਆਂ ਪ੍ਰਤੀ ਜਾਗਰੂਕਤਾ ਫੈਲਾਈ ਜਾਂਦੀ ਹੈ। ਕਈ ਮੁਹਿੰਮਾਂ ਅਤੇ ਪ੍ਰੋਗਰਾਮ ਦਾ ਆਯੋਜਨ ਕੀਤਾ ਜਾਂਦਾ ਹੈ. ਵੱਖ-ਵੱਖ ਤਰ੍ਹਾਂ ਦੇ ਮੁਕਾਬਲਿਆਂ ਜਿਵੇਂ ਰੈਲੀ, ਸਾਈਕਲ ਰੈਲੀ, ਨੁੱਕੜ ਨਾਟਕਾਂ ਰਾਹੀਂ ਲੋਕਾਂ ਦਾ ਧਿਆਨ ਇਸ ਦਿਨ ਵੱਲ ਖਿੱਚਿਆ ਜਾਂਦਾ ਹੈ। ਵਿਸ਼ਵ ਸਿਹਤ ਦਿਵਸ ਵਿਸ਼ਵ ਭਰ ਵਿੱਚ ਵਿਆਪਕ ਰੂਪ ਵਿੱਚ ਮਨਾਇਆ ਜਾਂਦਾ ਹੈ। ਵੱਖ-ਵੱਖ ਬਿਮਾਰੀਆਂ ਦੀ ਜਾਂਚ ਲਈ ਵੱਖ-ਵੱਖ ਥਾਵਾਂ 'ਤੇ ਮੁਫ਼ਤ ਕੈਂਪ ਲਗਾਏ ਜਾਂਦੇ ਹਨ। ਸਕੂਲ, ਕਾਲਜ ਵਿੱਚ ਲੇਖ ਮੁਕਾਬਲੇ, ਭਾਸ਼ਣ ਮੁਕਾਬਲੇ ਕਰਵਾਏ ਜਾਂਦੇ ਹਨ ਅਤੇ ਨੁੱਕੜ ਨਾਟਕ ਵੀ ਕਰਵਾਏ ਜਾਂਦੇ ਹਨ ਅਤੇ ਕੈਂਪ ਵੀ ਲਗਾਏ ਜਾਂਦੇ ਹਨ ਤਾਂ ਜੋ ਇੱਕ ਸਿਹਤਮੰਦ ਸੰਸਾਰ ਦੀ ਨੀਂਹ ਰੱਖੀ ਜਾ ਸਕੇ।

**ਲੋਕ ਜਾਗਰੂਕਤਾ ਲਈ ਖ਼ਾਸ ਥੀਮ ਦੀ ਹੁੰਦੀ ਹੈ ਜ਼ਰੂਰਤ ?**


ਹਰ ਸਾਲ ਵਿਸ਼ਵ ਸਿਹਤ ਦਿਵਸ ਦੇ ਮੌਕੇ 'ਤੇ ਇਕ ਨਵਾਂ ਥੀਮ ਤੈਅ ਕੀਤਾ ਜਾਂਦਾ ਹੈ। ਇਹ ਥੀਮ ਬਹੁਤ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਮੌਜੂਦਾ ਸਮੇਂ 'ਚ ਚੱਲ ਰਹੀ ਸਮੱਸਿਆ ਨੂੰ ਖਤਮ ਕਰਨ ਦੇ ਉਦੇਸ਼ ਨਾਲ ਵਿਸ਼ਵ ਸਿਹਤ ਸੰਗਠਨ ਦੇ ਸਾਰੇ ਮੈਂਬਰ ਦੇਸ਼ਾਂ ਦੀ ਸਹਿਮਤੀ ਨਾਲ ਕਾਫੀ ਸੋਚ-ਵਿਚਾਰ ਤੋਂ ਬਾਅਦ ਥੀਮ ''ਮੇਰੀ ਸਿਹਤ, ਮੇਰਾ ਹੱਕ' ਦੀ ਚੋਣ ਕੀਤੀ ਗਈ ਹੈ। ਇਸ ਥੀਮ ਦੇ ਆਧਾਰ 'ਤੇ ਸਾਲ ਭਰ ਕਈ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣੀਆ ਹਨ। ਜਿਸ ਨਾਲ ਪਿੰਡ ਅਤੇ ਸ਼ਹਿਰ ਨਾਲ ਜੁੜੇ ਕਈ ਲੋਕ ਨਵੀਆਂ ਬਿਮਾਰੀਆਂ ਬਾਰੇ ਜਾਣ ਲੈਂਦੇ ਹਨ ,ਇਸ ਬਿਮਾਰੀ ਨੂੰ ਕਿਵੇਂ ਰੋਕਿਆ ਜਾਵੇ ਇਹ ਵੀ ਜਾਣਿਆ ਜਾਵੇਗਾ।

ਹੇਠ ਲਿਖੇ ਨੁਕਤਿਆਂ ਦੀ ਪਾਲਣਾ ਤੁਹਾਡੀ ਸਿਹਤ ਨੂੰ ਅਨੁਕੂਲ ਬਣਾਉਣ ਅਤੇ ਤੰਦਰੁਸਤ ਰਹਿਣ ਲਈ ਸਹਾਈ ਸਿੱਧ ਹੋਣਗੇ। ਇੱਕ ਸਿਹਤਮੰਦ ਖੁਰਾਕ ਯੋਜਨਾ ਦੀ ਪਾਲਣਾ ਕਰੋ। ਚੰਗੀ ਸਿਹਤ ਬਣਾਈ ਰੱਖਣ ਵੱਲ ਪਹਿਲਾ ਕਦਮ ਵੱਖ-ਵੱਖ ਪੌਸ਼ਟਿਕ ਤੱਤਾਂ ਨਾਲ ਭਰਪੂਰ ਖੁਰਾਕ ਲੈਣਾ ਹੈ। ਤੁਹਾਡੀ ਖੁਰਾਕ ਵਿੱਚ ਤਾਜ਼ੇ ਫਲ ਅਤੇ ਹਰੀਆਂ ਪੱਤੇਦਾਰ ਸਬਜ਼ੀਆਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ। ਇਸ ਤੋਂ ਇਲਾਵਾ ਦਾਲਾਂ, ਅੰਡੇ ਅਤੇ ਡੇਅਰੀ ਉਤਪਾਦ ਵੀ ਹਨ ਜੋ ਤੁਹਾਡੇ ਸਮੁੱਚੇ ਵਿਕਾਸ ਵਿੱਚ ਮਦਦ ਕਰਦੇ ਹਨ ਅਤੇ ਅਨਾਜ ਜੋ ਦਿਨ ਭਰ ਚੱਲਣ ਲਈ ਊਰਜਾ ਪ੍ਰਦਾਨ ਕਰਦੇ ਹਨ। ਤੁਹਾਡੇ ਸਰੀਰ ਨੂੰ ਕੰਮ ਕਰਨ ਅਤੇ ਸਿਹਤਮੰਦ ਰੱਖਣ ਲਈ ਲੋੜੀਂਦੀ ਊਰਜਾ ਪ੍ਰਦਾਨ ਕਰਨ ਲਈ ਊਰਜਾ ਬਣਾਈ ਰੱਖਣਾ ਜ਼ਰੂਰੀ ਹੈ। ਇਸ ਦੇ ਲਈ 8 ਘੰਟੇ ਸੌਣਾ ਜ਼ਰੂਰੀ ਹੈ। ਕਿਸੇ ਵੀ ਹਾਲਤ ਵਿੱਚ ਤੁਹਾਨੂੰ ਆਪਣੀ ਨੀਂਦ ਨਾਲ ਸਮਝੌਤਾ ਨਹੀਂ ਕਰਨਾ ਚਾਹੀਦਾ। ਨੀਂਦ ਦੀ ਕਮੀ ਤੁਹਾਨੂੰ ਸੁਸਤ ਬਣਾ ਦਿੰਦੀ ਹੈ ਅਤੇ ਤੁਹਾਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਪਰੇਸ਼ਾਨ ਕਰਦੀ ਹੈ।

ਤੁਹਾਨੂੰ ਆਪਣੀ ਪਸੰਦ ਦੀ ਕਿਸੇ ਵੀ ਸਰੀਰਕ ਕਸਰਤ ਲਈ ਆਪਣੇ ਰੋਜ਼ਾਨਾ ਕਾਰਜਕ੍ਰਮ ਵਿੱਚੋਂ ਘੱਟੋ-ਘੱਟ ਅੱਧਾ ਘੰਟਾ ਕੱਢਣਾ ਚਾਹੀਦਾ ਹੈ। ਤੁਸੀਂ ਤੇਜ਼ ਸੈਰ, ਜੌਗਿੰਗ, ਤੈਰਾਕੀ, ਸਾਈਕਲਿੰਗ, ਯੋਗਾ ਜਾਂ ਆਪਣੀ ਪਸੰਦ ਦੀ ਕੋਈ ਹੋਰ ਕਸਰਤ ਕਰ ਸਕਦੇ ਹੋ। ਇਹ ਤੁਹਾਨੂੰ ਸਰੀਰਕ ਤੌਰ 'ਤੇ ਤੰਦਰੁਸਤ ਰੱਖਦਾ ਹੈ ਅਤੇ ਤੁਹਾਡੇ ਦਿਮਾਗ ਨੂੰ ਆਰਾਮ ਦੇਣ ਦਾ ਵਧੀਆ ਤਰੀਕਾ ਵੀ ਹੈ। ਮੈਡੀਟੇਸ਼ਣ ਕਰਨਾ ਤੁਹਾਡੇ ਮਨ ਨੂੰ ਸ਼ਾਂਤ ਕਰਨ ਅਤੇ ਆਤਮ-ਵਿਸ਼ਵਾਸ ਵਧਾਉਣ ਦਾ ਵਧੀਆ ਤਰੀਕਾ ਹੈ।

ਸਕਾਰਾਤਮਕ ਲੋਕਾਂ ਭਾਵ ਉਨ੍ਹਾਂ ਲੋਕਾਂ ਨਾਲ ਰਹੋ ਜਿਨ੍ਹਾਂ ਨਾਲ ਤੁਸੀਂ ਸਿਹਤਮੰਦ ਅਤੇ ਅਰਥਪੂਰਨ ਚਰਚਾਵਾਂ ਵਿੱਚ ਸ਼ਾਮਲ ਹੋ ਸਕਦੇ ਹੋ ਅਤੇ ਜੋ ਤੁਹਾਨੂੰ ਨਿਰਾਸ਼ ਕਰਨ ਦੀ ਬਜਾਏ ਬਿਹਤਰ ਕਰਨ ਲਈ ਉਤਸ਼ਾਹਿਤ ਕਰ ਸਕਦੇ ਹਨ। ਇਹ ਤੁਹਾਡੀ ਭਾਵਨਾਤਮਕ ਅਤੇ ਸਮਾਜਿਕ ਸਿਹਤ ਲਈ ਚੰਗਾ ਹੈ।

ਸਾਲਾਨਾ ਸਿਹਤ ਜਾਂਚ ਕਰਵਾਉਣਾ ਇੱਕ ਚੰਗਾ ਵਿਚਾਰ ਹੈ। ਸਾਵਧਾਨੀ ਹਮੇਸ਼ਾ ਇਲਾਜ ਨਾਲੋਂ ਬਿਹਤਰ ਹੁੰਦੀ ਹੈ। ਇਸ ਲਈ ਜੇਕਰ ਤੁਸੀਂ ਆਪਣੀ ਸਾਲਾਨਾ ਰਿਪੋਰਟ ਵਿੱਚ ਕੋਈ ਕਮੀ ਜਾਂ ਕਿਸੇ ਕਿਸਮ ਦੀ ਸਮੱਸਿਆ ਦੇਖਦੇ ਹੋ ਤਾਂ ਤੁਹਾਨੂੰ ਤੁਰੰਤ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ ਅਤੇ ਇਸ ਦੇ ਵਧਣ ਤੋਂ ਪਹਿਲਾਂ ਇਸ ਨੂੰ ਠੀਕ ਕਰਨਾ ਚਾਹੀਦਾ ਹੈ। ਵਿਸ਼ਵ ਸਿਹਤ ਦਿਵਸ ਉਨ੍ਹਾਂ ਬਿਮਾਰੀਆਂ ਨੂੰ ਜੜ੍ਹੋਂ ਪੁੱਟਣ ਲਈ ਇੱਕ ਜਾਗਰੂਕਤਾ ਮੁਹਿੰਮ ਹੈ, ਜੋ ਬਿਮਾਰੀਆਂ ਆਪਣੇ ਖੰਭ ਫੈਲਾ ਕੇ ਪੂਰੀ ਦੁਨੀਆ ਨੂੰ ਆਪਣੀ ਲਪੇਟ ਵਿੱਚ ਲੈ ਰਹੀਆਂ ਹਨ। ਯਾਨੀ ਵਿਸ਼ਵ ਸਿਹਤ ਦਿਵਸ ਬਿਮਾਰੀ ਨੂੰ ਜੜ੍ਹ ਤੋਂ ਖ਼ਤਮ ਕਰਨ ਦੀ ਮੁਹਿੰਮ ਹੈ। ਵਿਸ਼ਵ ਸਿਹਤ ਦਿਵਸ ਦੀ ਮੁਹਿੰਮ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦਾ ਇਹ ਯਤਨ ਸਾਡੇ ਵਿਸ਼ਵ ਨੂੰ ਰੋਗ ਮੁਕਤ ਬਣਾਵੇਗਾ। ਸਾਨੂੰ ਸਾਰਿਆਂ ਨੂੰ ਇਸ ਮੁਹਿੰਮ ਦਾ ਹਿੱਸਾ ਬਣਨਾ ਚਾਹੀਦਾ ਹੈ ਅਤੇ ਸੁਰੱਖਿਅਤ ਅਤੇ ਸਿਹਤਮੰਦ ਜੀਵਨ ਜਿਉਣ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਹੋਰ ਲੋਕਾਂ ਨੂੰ ਵੀ ਜਾਗਰੂਕ ਕੀਤਾ ਜਾਣਾ ਚਾਹੀਦਾ ਹੈ।



**-ਲੈਕਚਰਾਰ ਲਲਿਤ ਗੁਪਤਾ, ਮੰਡੀ ਅਹਿਮਦਗੜ੍ਹ।**
**ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਪੱਖੋਵਾਲ**
**(ਲੁਧਿਆਣਾ)**
**9781590500**

## ਗੀਤ ਚਾਹ ਬਈ ਚਾਹ



ਪੰਜਾਬੀਆ ਦੀ ਜਿੰਦਜਾਨ ਹੈ ਚਾਹ।
ਗੱਲਾਂਬਾਤਾਂ ਲਈ ਤਾਂ ਬਹਾਨਾ ਚਾਹ।
ਦਿੱਲ ਚੰਦਰਾ ਤਾਂ ਮੰਗਦਾ ਰਹਿੰਦਾ,
ਬਣਾ ਲਉ ਚਾਹ ਜੀ ਬਣਾਓ ਚਾਹ।
ਘਰ ਚਂ ਜਦ ਮਹਿਮਾਨ ਆਉਦੇ ਨੇ।
ਪਾਣੀ ਠੰਡਾ ਪਿਲਾ ਕੇ ਰੱਖਦੇ ਚਾਹ ।
ਸੁਸਤੀ ਤੇ ਉਨੀਂਦਰਾ ਦੂਰ ਹੈ ਕਰਦੀ ,
ਸਿਰ ਦਰਦ ਠੀਕ ਕਰ ਦਿੰਦੀ ਚਾਹ ।
ਜ਼ਿਆਦਾ ਚਾਹ ਪੀਣੀ ਮਾੜੀ ਹੁੰਦੀ ,
ਪੀਓ ਜਰੂਰ ਪਰ ਘੱਟ ਪੀਓ ਚਾਹ ।
ਫਿੱਕੀ ਚਾਹ ਦੇ ਆਪਣੇ ਹੀ ਨਜ਼ਾਰੇ,
ਸੂਗਰ ਨੂੰ ਘਟਾਉਦੀ ਫਿੱਕੀ ਚਾਹ।
ਸੱਤੀ ਇਹ ਤਾਂ ਕਮਜ਼ੋਰੀ ਬਣ ਗਈ ,
ਹੱਡ ਗੋਡੇ ਵੀ ਚਲਾ ਦਿੰਦੀ ਚਾਹ । **-ਸੱਤੀ ਉਟਾਲਾਂ ਵਾਲਾ , ਸ਼ਹੀਦ ਭਗਤ ਸਿੰਘ**

## ਬਾਲ ਕਵਿਤਾ - ਚੰਗੇ ਬੱਚੇ



ਚੰਗੇ ਬੱਚੇ ਰੋਜ਼ ਨਹਾਉਂਦੇ ਨੇ
ਦੰਦ ਸਾਫ ਕਰਕੇ ਰੋਜ ਸਕੂਲੇ ਜਾਂਦੇ ਨੇ ,
ਅਧਿਆਪਕਾਂ ਦਾ ਕਹਿਣਾ ਮੰਨ ਕੇ ,
ਪੜ੍ਹ ਕੇ ਹਰ ਰੋਜ਼ ਕਰੇ ਆਉਂਦੇ ਨੇ ,
ਚੰਗੇ ਬੱਚੇ ਰੋਜ਼ ਨਹਾਉਂਦੇ ਨੇ ,
ਦੰਦ ਸਾਫ਼ ਕਰਕੇ ਰੋਜ ਸਕੂਲੇ ਜਾਂਦੇ ਨੇ ,
ਸਾਰਿਆਂ ਦੀ ਇੱਜਤ ਕਰਦੇ ,
ਕੋਈ ਨਾ ਬਹਾਨੇ ਲਾਉਂਦੇ ਨੇ ,
ਚੰਗੇ ਬੱਚੇ ਰੋਜ਼ ਸਕੂਲੇ ਜਾਂਦੇ ਨੇ
ਪੜ੍ਹ ਕੇ ਰੋਜ਼ ਆਉਂਦੇ ਨੇ।

**-ਸੁਮਨਪ੍ਰੀਤ ਕੌਰ , ਜਮਾਤ ਪੰਜਵੀਂ , ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸਿੱਖਿਆ ਬਲਾਕ ਸ਼੍ਰੀ ਅਨੰਦਪੁਰ ਸਾਹਿਬ , ਜ਼ਿਲਾ ਰੂਪਨਗਰ**
**( ਗਾਈਡ ਅਧਿਆਪਕ ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ )**
**9478561356**


ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਸੁਦੇਸ਼ ਕੁਮਾਰ ਬੱਗਾ ਨੇ 'ਸਟਿੰਗ ਆਪ੍ਰੇਸ਼ਨ' ਦਾ ਇਹ ਅੰਕ ਪਲਮਗ ਪ੍ਰਿੰਟਰਜ਼, 448/13, ਅਵਤਾਰ ਨਗਰ, ਜਲੰਧਰ-144001 (ਪੰਜਾਬ) ਤੋਂ ਛਪਵਾ ਕੇ ਹਾਊਸ ਨੰ. 125, ਪਿੰਡ ਮਲਕੋ, ਡਾਕ. ਤਰਾੜ-144026, ਜ਼ਿਲ੍ਹਾ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ। RNI Regd. No. PUNMUL/2012/47956

मालिक, प्रकाशक, प्रिंटर्ज एवं सम्पादक सुदेश कुमार बग्गा ने 'स्टिंग आप्रेशन' का यह अंक पलमग प्रिंटरज, 448/13, अवतार नगर, जालन्धर-144001 (पंजाब) से छपवा कर हाउस नं. 125, गांव मलको, डाकघर तराड़-144026, जिला जालन्धर (पंजाब) से प्रकाशित किया। RNI Regd. No. PUNMUL/2012/47956

Editor, Printers and Publisher Sudesh Kumar Bagga, Printed at Plamag Printers, 448/13, Avtar Nagar, Jalandhar-144001 (Punjab) and Published from H. No. 125 Vill. Malko, P.O. Trarh. Distt. Jalandhar (Punjab). RNI Regd. No. PUNMUL/2012/47956



ਸਟਿੰਗ ਆਪ੍ਰੇਸ਼ਨ

www.stingoperation.us ਜਲੰਧਰ

ਦੇਸ਼-ਵਿਦੇਸ਼ ਅਤੇ ਪੰਜਾਬ ਦੇ ਹਰ ਕਸਬੇ ਤੋਂ ਪੱਤਰਕਾਰਾਂ ਦੀ ਲੋੜ ਹੈ

Contact : 90416-59160

☛ 'ਸਟਿੰਗ ਆਪ੍ਰੇਸ਼ਨ' 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾਂ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿੱਚ ਹੀ ਹੋਵੇਗਾ। ☛ ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ☛ ਖ਼ਬਰਾਂ ਪ੍ਰਤੀ ਜ਼ਿੰਮੇਵਾਰੀ ਸੰਬੰਧਤ ਪੱਤਰਕਾਰ ਦੀ ਹੋਵੇਗੀ।

# ਸਟਿੰਗ ਆਪ੍ਰੇਸ਼ਨ

e-mail : stingnews24@gmail.com
www.stingoperation.us

ਜਲੰਧਰ । ਵੀਰਵਾਰ, 4 ਅਪ੍ਰੈਲ 2024

# ਨਵੀਂ ਦਿੱਲੀ (ਖਬਰਨਾਮਾ)






### 14 ਮਾਰਚ ਨੂੰ ਦਿੱਲੀ 'ਚ ਹੋਣ ਵਾਲੀ ਮਹਾਪੰਚਾਇਤ 'ਚ ਕਿਸਾਨਾਂ ਨੂੰ ਸ਼ਾਮਲ ਹੋਣ ਤੋਂ ਰੋਕਣਾ ਮੰਦਭਾਗਾ: ਸੰਯੁਕਤ ਕਿਸਾਨ ਮੋਰਚਾ

# ਦਿੱਲੀ ਪੁਲਿਸ ਵੱਲੋਂ ਨਿਜ਼ਾਮੂਦੀਨ ਰੇਲਵੇ ਸਟੇਸ਼ਨ 'ਤੇ ਕਰਨਾਟਕ ਦੇ 400 ਕਿਸਾਨਾਂ ਨੂੰ ਹਿਰਾਸਤ 'ਚ ਲੈਣਾ ਨਿੰਦਣਯੋਗ:ਐਸ.ਕੇ.ਐਮ

**ਲਖੀਮਪੁਰ ਖੇੜੀ ਵਿੱਚ ਕਿਸਾਨਾਂ ਦੇ ਕਤਲ ਦੇ ਮੁੱਖ ਸਾਜਸਿਕਰਤਾ ਅਜੇ ਮਿਸਰਾ ਟੈਨੀ ਨੂੰ ਭਾਜਪਾ ਨੇ ਇੱਕ ਵਾਰ ਫਿਰ ਖੇੜੀ ਸੀਟ ਤੋਂ ਆਪਣਾ ਉਮੀਦਵਾਰ ਬਣਾਇਆ ਹੈ। ਪਿੰਡਾਂ ਵਿੱਚ ਪੋਸਟਰ ਅਤੇ ਬੈਨਰ ਲਗਾ ਕੇ ਭਾਜਪਾ ਤੋਂ ਇਹ ਸਵਾਲ ਪੁੱਛੇ ਜਾਣੇ ਚਾਹੀਦੇ ਹਨ ਪ੍ਰਧਾਨ ਮੰਤਰੀ ਨੇ 13 ਮਹੀਨਿਆਂ ਦੇ ਲੰਮੇ ਇਤਿਹਾਸਕ ਕਿਸਾਨ ਸੰਘਰਸ ਦੌਰਾਨ...**

ਨਵੀਂ ਦਿੱਲੀ, 3 ਅਪ੍ਰੈਲ (ਸੁਖਰਾਜ ਸਿੰਘ): ਸੰਯੁਕਤ ਕਿਸਾਨ ਮੋਰਚਾ ਕਿਸਾਨਾਂ, ਮਜਦੂਰਾਂ, ਵਿਦਿਆਰਥੀਆਂ, ਨੌਜਵਾਨਾਂ, ਔਰਤਾਂ ਅਤੇ ਛੋਟੇ ਵਪਾਰੀਆਂ, ਪੱਤਰਕਾਰਾਂ, ਪੇਸੇਵਰਾਂ, ਸੇਵਾਮੁਕਤ ਕਰਮਚਾਰੀਆਂ ਆਦਿ ਸਮੇਤ ਹੋਰ ਵਰਗਾਂ ਦੇ ਸੰਗਠਨਾਂ ਤੇ ਮੰਚਾਂ ਦੇ ਸਹਿਯੋਗ ਨਾਲ ਪਿੰਡਾਂ ਅਤੇ ਕਸਬਿਆਂ 'ਚ ਜਨ ਮਹਾਂਪੰਚਾਇਤ ਬੁਲਾਉਣ ਦਾ ਸੱਦਾ ਦਿੰਦਾ ਹੈ। ਇਨ੍ਹਾਂ ਮਹਾਂਪੰਚਾਇਤਾਂ ਵਿੱਚ ਭਾਜਪਾ ਨੂੰ 2014 ਦੇ ਭਾਜਪਾ ਚੋਣ ਮਨੋਰਥ ਪੱਤਰ ਵਿੱਚ ਦਰਜ ਮੰਗਾਂ ਜਿਵੇਂ ਕਿ ਤਿੰਨ ਕਾਰਪੋਰੇਟ ਪੱਖੀ ਖੇਤੀ ਕਾਨੂੰਨਾਂ ਨੂੰ ਰੱਦ ਕਰਨਾ, ਫਸਲਾਂ ਦੀ ਲਾਗਤ ਤੋਂ ਡੇਢ ਗੁਣਾ ਘੱਟੋ-ਘੱਟ ਸਮਰਥਨ ਮੁੱਲ 'ਤੇ ਫਸਲਾਂ ਦੀ ਖਰੀਦ, ਕਿਸਾਨਾਂ ਨੂੰ ਪੇਸ ਕਰਨ ਲਈ ਕਿਹਾ ਜਾਣਾ ਚਾਹੀਦਾ ਹੈ। ਕਰਜਾ ਮੁਆਫੀ ਅਤੇ ਹੋਰ ਮੰਗਾਂ ਨੂੰ ਲੈ ਕੇ ਦਿੱਲੀ 'ਚ ਸਾਂਤਮਈ ਧਰਨਾ ਕਿਉਂ ਦੇਣਾ ਪਿਆ, ਜਿਸ ਨੂੰ ਮੋਦੀ ਸਰਕਾਰ ਨੇ ਰੋਕ ਦਿੱਤਾ, ਦੀ ਸਥਾਨਕ ਲੀਡਰਸ਼ਿਪ ਇਸ ਪ੍ਰੋਗਰਾਮ ਦੀ ਸਹੂਲਤ ਦੇਵੇਗੀ।ਜਨ ਮਹਾਂਪੰਚਾਇਤ ਲੋਕਾਂ ਨੂੰ ਧਾਰਮਿਕ ਵਿਵਾਦਾਂ ਅਤੇ ਆਰ.ਐੱਸ.ਐੱਸ.-ਭਾਜਪਾ ਗਠਜੋੜ ਦੇ ਵੰਡਵਾਦੀ ਏਜੰਡੇ ਤੋਂ ਭਟਕਣ ਦੀ ਬਜਾਏ ਲੋਕਾਂ ਦੀ ਰੋਜੀ-ਰੋਟੀ ਦੇ ਅਸਲ ਮੁੱਦਿਆਂ-ਖੇਤੀ ਸੰਕਟ, ਐਮ.ਐਸ.ਪੀ, ਕਰਜਾ ਮੁਆਫੀ, ਬੇਰੁਜਗਾਰੀ, ਲੇਬਰ ਕੋਡ ਅਤੇ ਜਨਤਕ ਖੇਤਰ



ਦੇ ਨਿੱਜੀਕਰਨ ਬਾਰੇ ਚਰਚਾ ਕਰਨ ਲਈ ਕਹਿੰਦੀ ਹੈ। ਆਉਣ ਵਾਲੀਆਂ ਚੋਣਾਂ ਅਪੀਲ ਕਰਨਗੇ।ਜਨ-ਮਹਾਂਪੰਚਾਇਤਾਂ ਦੇਸ ਦੇ ਲੋਕਾਂ ਨੂੰ ਮੋਦੀ ਸਰਕਾਰ ਦੀਆਂ ਵਧਦੀਆਂ ਤਾਨਾਸਾਹੀ ਪ੍ਰਵਿਰਤੀਆਂ ਨੂੰ ਰੋਕਣ ਅਤੇ ਭਾਰਤ ਦੇ ਸੰਵਿਧਾਨ ਵਿੱਚ ਦਰਜ ਜਮਹੂਰੀ, ਧਰਮ ਨਿਰਪੱਖ, ਸੰਘੀ ਸਿਧਾਂਤਾਂ ਦੀ ਰਾਖੀ ਕਰਨ ਦੀ ਅਪੀਲ ਕਰਨਗੀਆਂ।ਸਾਂਤਮਈ ਢੰਗ ਨਾਲ ਰਾਜਧਾਨੀ ਵੱਲ ਮਾਰਚ ਕਰਦੇ ਹੋਏ ਮੋਦੀ ਸਰਕਾਰ ਵੱਲੋਂ ਕਿਸਾਨਾਂ ਨੂੰ ਦਿੱਲੀ ਦੀਆਂ ਸਰਹੱਦਾਂ 'ਤੇ ਰੋਕ ਲਿਆ ਗਿਆ ਅਤੇ ਕਿਸਾਨਾਂ ਨੇ ਉਸੇ ਤਰ੍ਹਾਂ ਹੀ ਵਿਰੋਧ ਸੁਰੂ ਕਰ ਦਿੱਤਾ, 13 ਮਹੀਨਿਆਂ ਤੱਕ ਚੱਲੇ ਅੰਦੋਲਨ 'ਚ 736 ਕਿਸਾਨ ਸਹੀਦ ਹੋ ਗਏ।ਚੁਣੀ ਹੋਈ ਸਰਕਾਰ 'ਤੇ ਦਬਾਅ ਪਾਉਣ ਲਈ ਸਾਂਤਮਈ ਪ੍ਰਦਰਸਨ ਕਰਨਾ ਨਾਗਰਿਕਾਂ ਦਾ ਜਮਹੂਰੀ ਅਧਿਕਾਰ ਹੈ, ਜਿਵੇਂ ਕਿ ਭਾਰਤ ਦੇ ਸੰਵਿਧਾਨ ਵਿੱਚ ਦਰਜ ਹੈ ਅਤੇ ਸੁਪਰੀਮ ਕੋਰਟ ਦੁਆਰਾ ਬਰਕਰਾਰ ਹੈ। ਦਿੱਲੀ ਪੁਲਿਸ ਨੇ ਦਿੱਲੀ ਦੇ ਨਿਜਾਮੂਦੀਨ ਰੇਲਵੇ ਸਟੇਸਨ 'ਤੇ ਕਰਨਾਟਕ ਦੇ 400 ਕਿਸਾਨਾਂ ਨੂੰ ਹਿਰਾਸਤ ਵਿੱਚ ਲਿਆ ਅਤੇ ਉਨ੍ਹਾਂ ਨੂੰ 14 ਮਾਰਚ, 2024 ਨੂੰ ਰਾਮਲੀਲਾ ਮੈਦਾਨ ਵਿੱਚ ਹੋਣ ਵਾਲੀ ਮਹਾਪੰਚਾਇਤ ਵਿੱਚ ਸਾਮਲ ਹੋਣ ਤੋਂ ਰੋਕ ਦਿੱਤਾ। ਦਿੱਲੀ ਪੁਲਿਸ ਨੇ ਦਿੱਲੀ ਦੇ ਗੁਰਦੁਆਰਿਆਂ ਨੂੰ ਕਿਸਾਨਾਂ ਨੂੰ ਲੰਗਰ ਦੀ ਸੇਵਾ ਜਾਂ ਪਨਾਹ ਨਾ ਦੇਣ ਦਾ ਹੁਕਮ ਦਿੱਤਾ ਅਤੇ ਇਸ ਤਰ੍ਹਾਂ ਗੁਰਦੁਆਰਿਆਂ ਨੂੰ ਮਨੁੱਖਤਾ ਦੀ ਨਿਰਸਵਾਰਥ ਸੇਵਾ ਦੀ ਮਹਾਨ ਪਰੰਪਰਾ ਨੂੰ ਕਾਇਮ ਰੱਖਣ ਤੋਂ ਰੋਕਿਆ ਗਿਆ। ਅੱਜ ਵੀ ਕਿਸਾਨ ਹਰਿਆਣਾ ਸਰਹੱਦ 'ਤੇ ਫਸੇ ਹੋਏ ਹਨ ਅਤੇ ਭਾਜਪਾ ਦੀ ਅਗਵਾਈ ਵਾਲੀ ਹਰਿਆਣਾ ਰਾਜ ਸਰਕਾਰ ਨੇ 21 ਫਰਵਰੀ 2024 ਨੂੰ ਨੌਜਵਾਨ ਕਿਸਾਨ ਸੁਭਕਰਨ ਸਿੰਘ ਦਾ ਕਤਲ ਕਰ ਦਿੱਤਾ ਸੀ। ਲਖੀਮਪੁਰ ਖੇੜੀ ਵਿੱਚ ਕਿਸਾਨਾਂ ਦੇ ਕਤਲ ਦੇ ਮੁੱਖ ਸਾਜਸਿਕਰਤਾ ਅਜੇ ਮਿਸਰਾ ਟੈਣੀ ਨੂੰ ਭਾਜਪਾ ਨੇ ਇੱਕ ਵਾਰ ਫਿਰ ਖੇੜੀ ਸੀਟ ਤੋਂ ਆਪਣਾ ਉਮੀਦਵਾਰ ਬਣਾਇਆ ਹੈ। ਪਿੰਡਾਂ ਵਿੱਚ ਪੋਸਟਰ ਅਤੇ ਬੈਨਰ ਲਗਾ ਕੇ ਭਾਜਪਾ ਤੋਂ ਇਹ ਸਵਾਲ ਪੁੱਛੇ ਜਾਣੇ ਚਾਹੀਦੇ ਹਨ।ਪ੍ਰਧਾਨ ਮੰਤਰੀ ਨੇ 13 ਮਹੀਨਿਆਂ ਦੇ ਲੰਮੇ ਇਤਿਹਾਸਕ ਕਿਸਾਨ ਸੰਘਰਸ ਦੌਰਾਨ ਉਠਾਏ ਭਖਦੇ ਮੁੱਦਿਆਂ 'ਤੇ ਚਰਚਾ ਕਰਨ ਲਈ ਕਦੇ ਵੀ ਕਿਸਾਨ ਨੁਮਾਇੰਦਿਆਂ ਨੂੰ ਨਹੀਂ ਬੁਲਾਇਆ ਅਤੇ ਪਿਛਲੇ 10 ਸਾਲਾਂ ਦੇ ਸਾਸਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਨਾਸਾਹੀ ਪ੍ਰਵਿਰਤੀ ਨੂੰ ਨੰਗਾ ਕੀਤਾ ਹੈ। ਜਦੋਂ ਕਿ ਆਦਰਸ ਚੋਣ ਜਾਬਤਾ ਲਾਗੂ ਹੋ ਗਿਆ ਹੈ, ਮੋਦੀ ਸਰਕਾਰ ਨੇ ਕ੍ਰਮਵਾਰ ਦਿੱਲੀ ਅਤੇ ਝਾਰਖੰਡ ਦੇ ਮੁੱਖ ਮੰਤਰੀਆਂ ਅਰਵਿੰਦ ਕੇਜਰੀਵਾਲ ਅਤੇ ਹੇਮੰਤ ਸੋਰੇਨ ਸਮੇਤ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੂੰ ਗ੍ਰਿਫਤਾਰ ਕਰਨ ਅਤੇ ਜੇਲ ਭੇਜਣ ਦੀ ਹਿੰਮਤ ਕੀਤੀ ਹੈ ਅਤੇ ਵਿਰੋਧੀ ਸਿਆਸੀ ਪਾਰਟੀਆਂ ਦੇ ਖਾਤਿਆਂ ਵਿੱਚ ਟਰਾਂਸਫਰ 'ਤੇ ਪਾਬੰਦੀ ਲਗਾ ਦਿੱਤੀ ਹੈ।ਡਾਇਰੈਕਟੋਰੇਟ ਆਫ ਚੇਂਜ ਲਟਕਦੇ ਮਾਮਲਿਆਂ 'ਤੇ ਵਿਰੋਧੀ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਤਲਬ ਕਰ ਰਿਹਾ ਹੈ, ਜਿਸ ਕਾਰਨ ਵਿਰੋਧੀ ਧਿਰ ਨੂੰ ਚੋਣਾਂ 'ਚ ਬਰਾਬਰ ਮੌਕੇ ਨਹੀਂ ਮਿਲ ਰਹੇ। ਇਹ ਸਥਿਤੀ ਸੰਵਿਧਾਨਕ ਸੰਸਥਾ, ਭਾਰਤੀ ਚੋਣ ਕਮਿਸਨ 'ਤੇ ਖਦਸਾ ਪੈਦਾ ਕਰਦੀ ਹੈ ਕਿ ਕੀ ਚੋਣਾਂ ਨਿਰਪੱਖ ਅਤੇ ਭਰੋਸੇਯੋਗ ਤਰੀਕੇ ਨਾਲ ਕਰਵਾਈਆਂ ਜਾਣਗੀਆਂ।


ਸਟਿੰਗ ਆਪ੍ਰੇਸ਼ਨ

ਲਈ ਵਿਦੇਸ਼ਾਂ ਤੋਂ ਪੱਤਰਕਾਰਾਂ ਦੀ ਲੋੜ ਹੈ

ਸੰਪਰਕ ਕਰੋ :

+91 90416-59160

e-mail : stingnews24@gmail.com








### ਦਿਨ-ਦਿਹਾੜੇ ਮੋਬਾਇਲ ਵਾਲੀ ਦੁਕਾਨ ਤੋਂ

# ਫੋਨ ਚੁੱਕ ਰਫੂ-ਚੱਕਰ ਹੋਏ 2 ਛਾਤਰ ਨੌਜਵਾਨ



**ਦੀਨਾਨਗਰ, 3 ਅਪ੍ਰੈਲ (ਰਵਿੰਦਰ ਠਾਕੁਰ ਬਾਹਮਣੀ )** - ਬਹਿਰਾਮਪੁਰ ਇਲਾਕੇ ਵਿਚ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਦੋ ਨੌਜਵਾਨ ਮੋਬਾਇਲ ਵਾਲੀ ਦੁਕਾਨ ਤੋਂ ਫੋਨ ਲੈ ਕੇ ਰਫੂ-ਚੱਕਰ ਹੋ ਗਏ। ਦੁਕਾਨਦਾਰ ਵਲੋਂ ਪਿੱਛਾ ਕਰਨ ’ਤੇ ਉਹ ਹੱਥ ਨਾ ਆਏ। ਇਸ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਮੌਕੇ ’ਤੇ ਪਹੁੰਚ ਗਈ, ਜਿਸ ਵਲੋਂ ਕਾਰਵਾਈ ਕੀਤੀ ਜਾ ਰਹੀ ਹੈ ।ਮਿਲੀ ਜਾਣਕਾਰੀ ਅਨੁਸਾਰ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਪੁਲਸ ਸਟੇਸ਼ਨ ਬਹਿਰਾਮਪੁਰ ਤੋਂ ਕੁਝ ਦੂਰੀ ’ਤੇ ਇੱਕ ਚੈਚਲ ਮੋਬਾਇਲ ਨਾਮ ਦੀ ਦੁਕਾਨ ਤੋਂ ਛਾਤਰ ਨੌਜਵਾਨ ਦੁਕਾਨ ਦੇ ਅੰਦਰ ਨਵਾਂ ਮੋਬਾਇਲ ਖਰੀਦਣ ਲਈ ਆਉਂਦੇ ਹਨ। ਇਸ ਦੌਰਾਨ ਇੱਕ ਸਾਥੀ ਦੁਕਾਨ ਦੇ ਬਾਹਰ ਮੋਟਰਸਾਈਕਲ ’ਤੇ ਖੜ੍ਹਾ ਰਹਿੰਦਾ ਹੈ। ਦੁਕਾਨਦਾਰ ਕੋਲੋਂ ਵੱਖ-ਵੱਖ ਤਰ੍ਹਾਂ ਦੇ ਤਿੰਨ-ਚਾਰ ਮੋਬਾਈਲ ਵੇਖ ਕੇ ਉਹ ਇੱਕ ਮੋਬਾਈਲ ਨੂੰ ਪਸੰਦ ਕਰ ਲੈਂਦੇ ਹਨ। ਇਸ ਦੌਰਾਨ ਨੌਜਵਾਨ ਬਾਹਰ ਖੜ੍ਹੇ ਨੌਜਵਾਨ ਨੂੰ ਵਾਰ-ਵਾਰ ਦੁਕਾਨ ਦੇ ਅੰਦਰ ਮੋਬਾਇਲ ਵੇਖਣ ਲਈ ਆਵਾਜ਼ ਲਗਾਉਂਦਾ ਹੈ ਪਰ ਉਹ ਦੁਕਾਨ ਦੇ ਅੰਦਰ ਨਹੀਂ ਆਉਂਦਾ। ਫਿਰ ਉਹ ਖੁਦ ਹੀ ਉਸ ਨੂੰ ਮੋਬਾਈਲ ਵਿਖਾਉਣ ਲਈ ਦੁਕਾਨ ਤੋਂ ਬਾਹਰ ਚੱਲਿਆ ਜਾਂਦਾ ਹੈ ।ਮੌਕਾ ਦੇਖ ਕੇ ਦੋਵੇਂ ਨੌਜਵਾਨ ਫੋਨ ਲੈ ਕੇ ਅਚਾਨਕ ਮੋਟਰਸਾਈਕਲ ਦੇ ਪਿੱਛੇ ਬੈਠ ਕੇ ਰਫੂ ਚੱਕਰ ਹੋ ਜਾਂਦੇ ਹਨ। ਜਦੋਂ ਦੁਕਾਨਦਾਰ ਇਹਨਾਂ ਦੇ ਮਗਰ ਦੌੜ ਕੇ ਫੜਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਫ਼ਰਾਰ ਹੋਣ ਵਿੱਚ ਸਫਲ ਹੋ ਜਾਂਦੇ ਹਨ। ਮੋਟਰਸਾਈਕਲ ਦੀ ਨੰਬਰ ਪਲੇਟ ’ਤੇ ਨੰਬਰ ਨਾ ਲਿਖੇ ਹੋਣ ਕਰਕੇ ਦੁਕਾਨਦਾਰ ਇੱਧਰ ਉੱਧਰ ਝਾਕ ਕੇ ਵਾਪਸ ਆ ਜਾਂਦਾ ਹੈ। ਇਹ ਸਾਰੀ ਘਟਨਾ ਦੁਕਾਨ ਅੰਦਰ ਲੱਗੇ ਸੀਸੀਟੀਵੀ ਕੈਮਰਾ ਵਿੱਚ ਕੈਦ ਹੋ ਜਾਂਦੀ ਹੈ। ਇਸ ਮੌਕੇ ਦੁਕਾਨਦਾਰ ਨੇ ਪੁਲਿਸ ਪ੍ਰਸ਼ਾਸਨ ਕੋਲੋਂ ਗੁਹਾਰ ਲਗਾਈ ਹੈ ਕਿ ਇਹਨਾਂ ਚੋਰਾਂ ਨੂੰ ਜਲਦ ਤੋਂ ਜਲਦ ਕਾਬੂ ਕੀਤਾ ਜਾਵੇ ਤਾਂ ਕਿ ਮੇਰੇ ਨਾਲ ਦਿਨ ਦਿਹਾੜੇ ਹੋਈ ਇਸ ਲੁੱਟ-ਖਸੁੱਟ ਦਾ ਮੈਨੂੰ ਇਨਸਾਫ ਮਿਲ ਸਕੇ।

ਸਟਿੰਗ ਆਪ੍ਰੇਸ਼ਨ
Jalandhar
STING OPERATION
(Daily Newspaper & Web Channel)
ਦੇਸ਼-ਵਿਦੇਸ਼ ਅਤੇ ਪੰਜਾਬ ਦੇ ਹਰ ਕਸਬੇ ਤੋਂ ਪੱਤਰਕਾਰਾਂ ਦੀ ਲੋੜ ਹੈ
--- : Contact :---
90416-59160
stingnews24@gmail.com

# जम्मू रियासी लोक सभा सीट पर होने वाले 26 अप्रैल को चुनाव को लेकर बहुजन समाज पार्टी की तरफ से लगातार चुनाव प्रचार में तेजी लाई जा रही है



**पठानकोट ,3 अप्रैल ( विजय कुमार जिलेदार सेवानिवृत्त )**–बहुजन समाज पार्टी के राज्य अध्यक्ष दर्शन राणा ने बसपा के मढ विधानसभा कोऑर्डिनेटर जगदीश भगत के साथ क्षेत्र के अधीन आते गांव गलबडे, हल्का, मकवाल आदि गांव का दौरा किया और लोगों से अपील करते हुए कहा कि वह आगामी लोकसभा चुनाव में बहुजन समाज पार्टी के उम्मीदवार जगदीश वर्मा को अपना वोट देकर कामयाब करें! उनके इस दौरे के दौरान बहुजन समाज पार्टी के अन्य नेता भी विशेष तौर पर मौजूद रहे! इस मौके पर बहुजन समाज पार्टी के प्रदेश अध्यक्ष दर्शन राणा ने जम्मू कश्मीर में अन्य पिछड़ा वर्ग (ओबीसी) के लोगों को सिर्फ आठ प्रतिशत आरक्षण का मुद्दा प्रमुखता के साथ उठाया और कहा कि बहुजन समाज पार्टी लगातार मांग कर रही है कि मंडल कमीशन के तहत जम्मू कश्मीर के ओबीसी वर्ग के लोगों को कम से कम 27 प्रतिशत आरक्षण दिया जाना चाहिए! उन्होंने बताया कि बहुजन समाज पार्टी लगातार इस मुद्दे को लेकर अपनी प्रतिक्रिया जाहिर कर रही है और सरकार पर दबाव बनाया जा रहा है! इसके साथ ही उन्होंने मनरेगा योजना के तहत 2016–17 में हुए विकास कार्यों के लिए सामग्री प्रदान करने वाले ठेकेदारों की बकाया राशि जारी न होने का मुद्दा भी उठाया और कहा कि आज भी इन ठेकेदारों को सरकार की तरफ से बकाया राशि नहीं दी गई है! उन्होंने कहा कि बहुजन समाज पार्टी लगातार इस मुद्दे को लेकर भी इन लोगों के साथ खड़ी है और लगातार मांग कर रही है कि इन लोगों को उनकी बकाया राशि जल्द से जल्द दी जानी चाहिए! बसपा प्रदेश प्रमुख ने कहा कि 26 अप्रैल को जम्मू रियासी लोकसभा सीट पर होने वाले चुनाव में जनता बहुजन समाज पार्टी के उम्मीदवार को सफल बनाने में अपना योगदान दे ताकि बहुजन समाज पार्टी क्षेत्र के लोगों के मुद्दों को संसद तक ले जा सके! उन्होंने कांग्रेस, बीजेपी सहित जम्मू कश्मीर के अन्य क्षेत्रीय राजनीतिक दलों पर निशाना सदा और कहा कि इन राजनीतिक दलों ने हमेशा ही जम्मू कश्मीर के लोगों के साथ धोखा किया है। उन्होंने कहा कि बेरोजगारी, महंगाई तथा भ्रष्टाचार के मुद्दे पर यह सभी राजनीतिक दल चुप्पी सादे हुए हैं! उन्होंने कहा कि अगर बहुजन समाज पार्टी क्षेत्र से जीत हासिल करके संसद तक पहुंचती है तो लोगों की समस्याओं का समाधान प्रमुखता के तौर पर किया जाएगा! इस मौके पर पार्टी के अन्य लोग भी उनके साथ मौजूद रहे!

### ਦੀਨਾਨਗਰ ’ਚ ਵੱਡਾ ਹਾਦਸਾ

# ਸੀਵਰੇਜ ਦੀ ਸਫਾਈ ਕਰਦੇ ਗੈਸ ਚੜ੍ਹਨ ਕਾਰਨ ਇੱਕ ਮਜ਼ਦੂਰ ਦੀ ਮੌਤ

**ਦੀਨਾਨਗਰ, 3 ਅਪ੍ਰੈਲ (ਰਵਿੰਦਰ ਠਾਕੁਰ ਬਾਹਮਣੀ )** - ਗੁਰਦਾਸਪੁਰ ਦੇ ਦੀਨਾਨਗਰ ’ਚ ਵੱਡਾ ਹਾਦਸਾ ਵਾਪਰਨ ਦੀ ਖ਼ਬਰ ਮਿਲੀ ਹੈ। ਮਿਲੀ ਜਾਣਕਾਰੀ ਮੁਤਾਬਕ ਦੀਨਾਨਗਰ ਦੇ ਪੁਲਸ ਸਟੇਸ਼ਨ ਪੁਰਾਣਾ ਸ਼ਾਲਾ ਅਧੀਨ ਆਉਂਦੇ ਪਿੰਡ ਚਾਵਾ ’ਚ ਸੀਵਰੇਜ ਦੀ ਸਫ਼ਾਈ ਕਰਦੇ ਸਮੇਂ ਗੈਸ ’ਚੜ੍ਹਨ ਕਾਰਨ ਇਕ ਮਜ਼ਦੂਰ ਦੀ ਮੌਤ ਹੋ ਗਈ ਅਤੇ ਦੋ ਮਜ਼ਦੂਰਾਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ ।ਦੱਸਿਆ ਜਾ ਰਿਹਾ ਹੈ ਕਿ ਸੀਵਰੇਜ ਦੀ ਸਫ਼ਾਈ ਕਰਦੇ ਸਮੇਂ ਦਿਮਾਗ. ਨੂੰ ਜ਼ਿਹਰੀਲੀ ਗੈਸ ਚੜ੍ਹਨ ਕਾਰਨ ਤਿੰਨ ਪ੍ਰਵਾਸੀ ਮਜ਼ਦੂਰ ਬੇਹੋਸ਼ ਹੋ ਗਏ। ਪਿੰਡ ਦੇ ਲੋਕਾਂ ਵੱਲੋਂ ਬੜੀ



ਜੱਦੋ-ਜ਼ਿਹਦ ਕਰਕੇ ਸੀਵਰੇਜ ਵਿੱਚੋਂ ਬਾਹਰ ਕੱਢ ਕੇ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਦਾਖ਼ਲ ਕਰਵਾਇਆ ਪਰ ਇਲਾਜ ਦੌਰਾਨ ਇਕ ਪ੍ਰਵਾਸੀ ਮਜ਼ਦੂਰ ਦੀ ਮੌਤ ਹੋ ਗਈ। ਜਦਕਿ ਇਕ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਜਿਸ ਨੂੰ ਇਕ ਨਿੱਜੀ ਹਸਪਤਾਲ ਵਿਚ ਲਿਜਾਇਆ ਗਿਆ ਹੈ ਅਤੇ ਦੂਜੇ ਦਾ ਸਿਵਲ ਹਸਪਤਾਲ ਵਿੱਚ ਇਲਾਜ ਕੀਤਾ ਜਾ ਰਿਹਾ ਹੈ ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਪਰਿਵਾਰਕ ਮੈਂਬਰਾਂ ਨੀਰੂ ਜ਼ਿਲ੍ਹਾ ਭਰਤਪੁਰ (ਰਾਜਸਥਾਨ) ਨੇ ਦੱਸਿਆ ਕਿ ਉਹ ਇਲਾਕੇ ਅੰਦਰ ਪਿੰਡਾਂ ਵਿੱਚ ਸਫ਼ਾਈ ਦਾ ਕੰਮਕਾਰ ਕਰਦੇ ਹਨ। ਉਨ੍ਹਾਂ ਨੇ ਦੱਸਿਆ ਕਿ ਬੁੱਧਵਾਰ ਨੂੰ ਉਸ ਦਾ ਪਤੀ ਕਨ੍ਹਈਆ ਪਿੰਡ ਚਾਵਾ ਵਿੱਚ ਸੀਵਰੇਜ ਦੀ ਸਫ਼ਾਈ ਕਰ ਰਿਹਾ ਸੀ। ਇਸ ਦੌਰਾਨ ਦਿਮਾਗ ’ਚ ਜ਼ਹਿਰੀਲੀ ਗੈਸ ਚੜ੍ਹਨ ਕਾਰਨ ਉਹ ਬੇਹੋਸ਼ ਹੋ ਗਿਆ। ਇਸ ਤੋਂ ਬਾਅਦ ਜਦੋਂ ਉਸ ਦਾ ਭਤੀਜਾ ਨੇਵੀ ਅਤੇ ਮੇਰਾ ਭਰਾ ਮੋਨੂੰ ਵੀ ਕਨ੍ਹੱਈਆ ਨੂੰ ਬਚਾਉਣ ਲਈ ਸੀਵਰੇਜ ਵਿੱਚ ਵੜ ਗਏ ਤਾਂ ਉਹ ਦੋਵੇਂ ਵੀ ਬੇਹੋਸ਼ ਹੋ ਗਏ। ਜਦੋਂ ਉਨ੍ਹਾਂ ਨੇ ਤਿੰਨਾਂ ਨੇ ਰੌਲਾ ਪਾਇਆ ਤਾਂ ਆਲੇ-ਦੁਆਲੇ ਘਰਾਂ ਵਿੱਚ ਰਹਿਣ ਵਾਲੇ ਪਿੰਡ ਦੇ ਲੋਕ ਇਕੱਠੇ ਹੋ ਗਏ ਅਤੇ ਕਿਸੇ ਤਰ੍ਹਾਂ ਤਿੰਨਾਂ ਨੂੰ ਬਾਹਰ ਕੱਢ ਕੇ ਸਿਵਲ ਹਸਪਤਾਲ ਪਹੁੰਚਾਇਆ, ਜਿੱਥੇ ਇਲਾਜ ਦੌਰਾਨ ਉਸ ਦੇ ਪਤੀ ਕੱਨ੍ਹਈਆ ਦੀ ਮੌਤ ਹੋ ਗਈ। ਜਦਕਿ ਉਸ ਦੇ ਭਤੀਜੇ ਨਵੀ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ, ਜਿਨ੍ਹਾਂ ਦਾ ਡਾਕਟਰ ਵੱਲੋਂ ਇਲਾਜ ਕੀਤਾ ਜਾ ਰਿਹਾ ਹੈ ਉਧਰ ਇਸ ਘਟਨਾ ਦੀ ਸੂਚਨਾ ਮਿਲਦਿਆਂ ਹੀ ਦੀਨਾਨਗਰ ਤਹਿਸੀਲਦਾਰ ਗੁਰਮੇਲ ਸਿੰਘ ਵੱਲੋਂ ਸਾਰੀ ਘਟਨਾ ਦੀ ਸਥਿਤੀ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਸੂਚਨਾ ਪਾ ਕੇ ਮੌਕੇ ਉਤੇ ਪਹੁੰਚੀ ਪੁਲਸ ਨੇ ਘਟਨਾ ਦਾ ਜਾਇਜ਼ਾ ਲਿਆ ਅਤੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।


दैनिक
# स्टिंग आप्रेशन
आप की अपनी आवाज
Postal Regd. No. PB/JL-067/2024-26
RNI Regd. No. PUNMUL/2012/47956
www.stingoperation.us, E-mail : stingnews24@gmail.com
STING OPERATION
(Newspaper & Web Channel)
जालन्धर, वीरवार, 4 अप्रैल 2024
वर्ष-13, अंक नं. -50, मुख्य सम्पादक : सुदेश कुमार बग्गा मो. (+91) 90416-59160, 94177-17088, सहायक सम्पादक : राकेश भटेजा



## वर्ल्ड बैंक का अनुमान प्रधानमंत्री नरेंद्र मोदी के नेतृत्व में
# 2024 में 7.5 प्रतिशत की दर से बढ़ेगी भारतीय अर्थव्यवस्था

वर्ल्ड बैंक ने कहा है कि भारत की तेज विकास दर और पाकिस्तान और श्रीलंका की अर्थव्यवस्थाओं में आ रहे सुधार की वजह से दक्षिण एशियाई देशों की कुल विकास दर तेज रहेगी...

**स्टिंग आप्रेशन की विशेष रिपोर्ट**



Rakesh Bhateja
Assistant Editor
Daily Sting Operation
98722-53436

भारतीय अर्थव्यवस्था के लिहाज से एक अच्छी खबर सामने आई है। दरअसल वर्ल्ड बैंक ने अनुमान जताया है कि साल 2024 में भारतीय अर्थव्यवस्था 7.5 फीसदी की दर से विकास करेगी। वर्ल्ड बैंक के पूर्व के अनुमान की तुलना में यह 1.2 प्रतिशत ज्यादा है। वर्ल्ड बैंक ने ये भी कहा है कि पूरे दक्षिण एशिया के देश भी 6 फीसदी की मजबूत दर से विकास करेंगे। वर्ल्ड बैंक ने कहा है कि भारत की तेज विकास दर और पाकिस्तान और श्रीलंका की अर्थव्यवस्थाओं में आ रहे सुधार की वजह से दक्षिण एशियाई देशों की कुल विकास दर तेज रहेगी।

Sting Operation
NEWSPAPER & WEB CHANNEL
Contact 90416-59160
Exclusive

वर्ल्ड बैंक ने मंगलवार को दक्षिण एशिया विकास को लेकर ताजा अपडेट जारी किया है, जिसमें उक्त अनुमान जताया गया है। वर्ल्ड बैंक की रिपोर्ट के अनुसार, अगले दो वर्षों में दुनिया में सबसे तेज विकास दक्षिण एशियाई क्षेत्र में ही होगा। साल 2025 में भी दक्षिण एशियाई देशों की कुल विकास दर 6.1 फीसदी रहने का अनुमान है। वर्ल्ड बैंक ने अपनी रिपोर्ट में कहा कि दक्षिण एशिया की कुल अर्थव्यवस्था में भारत की अर्थव्यवस्था सबसे बड़ी है और भारत की विकास दर वित्तीय वर्ष 2023-24 में 7.5 फीसदी रह सकती है। मिड टर्म के बाद यह वापस 6.6 फीसदी पर आ सकती है। भारत की विकास दर में सबसे अहम सेवा क्षेत्र और औद्योगिक विकास होंगे। वित्तीय वर्ष 2024-25 में बांग्लादेश की विकास दर 5.7 प्रतिशत की दर से बढ़ने की उम्मीद है। हालांकि बढ़ती महंगाई और व्यापार और विदेशी मुद्रा विनिमय पर प्रतिबंध के चलते विकास दर प्रभावित रहेगी।

## पाकिस्तान और श्रीलंका की अर्थव्यवस्थाओं में सुधार के संकेत

वित्तीय संकट से जूझ रहे दक्षिण एशिया के एक और देश पाकिस्तान की अर्थव्यवस्था में सुधार के संकेत मिले हैं। वर्ल्ड बैंक के अनुमान के अनुसार, पाकिस्तान की विकास दर वित्तीय वर्ष 2024-25 में 2.3 फीसदी रह सकती है। वहीं श्रीलंका में साल 2025 में विकास दर 2.5 फीसदी रहेगी। श्रीलंका में पर्यटन और विदेशों से आने वाले धन में तेजी आने के संकेत हैं।

## दक्षिण एशियाई देशों की विकास दर को लेकर चिंता प्रकट की

**वर्ल्ड बैंक की रिपोर्ट में दक्षिण एशियाई** देशों की विकास दर को लेकर चिंता भी जाहिर की गई है। वर्ल्ड बैंक के दक्षिण एशिया के उपाध्यक्ष मार्टिन रेजर ने कहा कि दक्षिण एशिया की विकास दर कम समय के लिए तेजी से विकास करेगी, लेकिन कमजोर राजकोषीय स्थिति और जलवायु परिवर्तन से क्षेत्र की विकास दर पर बड़े खतरे हैं। विकास को और लचीला बनाने के लिए दक्षिण एशियाई देशों को ऐसी नीतियां बनाने की जरूरत है, जिससे निजी निवेश और रोजगार विकास को बढ़ावा मिले।

## केजरीवाल के 'वेट लॉस' पर 'वार'!
# तिहाड़ जेल ने कहा- जितना था उतना ही है वजन

**नई दिल्ली। स्टिंग आप्रेशन ब्यूरो**

दिल्ली के मुख्यमंत्री अरविंद केजरीवाल की सेहत को लेकर तिहाड़ जेल प्रशासन ने आधिकारिक बयान जारी किया है। तिहाड़ जेल के अनुसार, एक अप्रैल जिस दिन अरविंद केजरीवाल तिहाड़ जेल पहुंचे उन्हें 2 डॉक्टर्स ने एग्जामिन किया और मेडिकल में सब नार्मल आया। जेल में आने से लेकर अभी तक उनका वजन 65 किलोग्राम बना हुआ है। कोर्ट के आदेश पर घर का बना खाना अरविंद केजरीवाल को दिया जा रहा है। वह पूरी तरह स्वस्थ हैं। अरविंद केजरीवाल मेडिकल के सारे पैरामीटर्स नार्मल है। तिहाड़ जेल के आधिकारिक बयान के बाद आप नेता और मंत्री आतिशी ने कहा कि ईडी ने सीएम केजरीवाल को जिस दिन कस्टडी में लिया था। उस दिन मुख्यमंत्री का वजन 69.5 किलो था। आज सीएम केजरीवाल का वजन 65 किलो है। यानी 12 दिन में अरविंद केजरीवाल का वजन 4.5 किलो कम हुआ।

## आतिशी का दावा तेजी से गिर रहा केजरीवाल का वजन

**इससे पहले आतिशी ने दावा किया कि 21 मार्च को गिरफ्तार किए** जाने के बाद से दिल्ली के मुख्यमंत्री अरविंद केजरीवाल का वजन तेजी से घट रहा है। आतिशी ने साथ ही बीजेपी पर केजरीवाल को जेल में रखकर उनके स्वास्थ्य को खतरे में डालने का आरोप लगाया। आतिशी ने कहा कि पार्टी मुख्यमंत्री की सेहत के संबंध में कानूनी मदद लेगी।

## बीजेपी को माफ नहीं करेगी जनताः आप

**आतिशी ने सोशल मीडिया मंच 'एक्स' पर** एक पोस्ट में कहा कि अरविंद केजरीवाल को शुगर है। सेहत से जुड़ी समस्याओं के बावजूद वह 24 घंटे देश की सेवा में लगे हैं। गिरफ्तारी के बाद से केजरीवाल का वजन 4.5 किलोग्राम कम हुआ है। यह चिंताजनक है। भाजपा उन्हें जेल में डालकर उसकी सेहत से खिलवाड़ कर रही है।



## उत्तर कोरिया के तानाशाह ने फिर बढ़ाई टैंशन
# हाइपरसोनिक मिसाइल का किया परीक्षण, कहा-और बनाएंगे हथियार

**स्टिंग आप्रेशन की विशेष रिपोर्ट**



Nitin Chadha
Ass. Joint Editor
Daily Sting Operation

उत्तर कोरिया के तानाशाह किम जोंग उनका मिसाइल प्रेम जगजाहिर है। आए दिन इस तरह की खबरें आती हैं जब उत्तर कोरिया मिसाइलों का परीक्षण करता साथ ही इन्हें सफल भी बताता है। उत्तर कोरिया का पड़ोसी देशों और अमेरिका के साथ परमाणु गतिरोध हमेशा से बरकरार रहा है। गतिरोध को दरकिनार कर उत्तर कोरिया की करफ से हथियारों का प्रदर्शन जारी है। उत्तर कोरिया लगातार अपने हथियारों के बेड़े को मजबूत करने की दिशा में कदम बढ़ाता जा रहा है। अब उत्तर कोरिया ने ठोस ईंधन से संचालित मध्यम दूरी की एक नई हाइपरसोनिक मिसाइल का परीक्षण किया है। देश की सरकारी मीडिया की तरफ से बुधवार को यह जानकारी दी गई है। उत्तर कोरिया की तरफ से किए गए हाइपरसोनिक मिसाइल परीक्षण के बाद क्षेत्र में तनाव और बढ़ सकता है। दक्षिण कोरिया हमेशा से उत्तर कोरिया की इस तरह की हरकतों का विरोध करता रहा है। दक्षिण कोरिया का आरोप है कि उत्तर कोरिया उकसाने के लिए इस तरह के मिसाइल परीक्षण कर रहा है, इस तरह का परीक्षण कोरियाई प्रायद्वीप की शांति के लिए गंभीर खतरा हैं।

**किम जोंग उन ने क्या कहा**

उत्तर कोरिया के सरकारी मीडिया ने यह जानकारी ऐसे समय में दी जब एक दिन पहले दक्षिण कोरियाई और जापानी सेनाओं ने उत्तर कोरिया द्वारा पूर्वी सागर की ओर मिसाइल दागे जाने का पता लगाया था। हाइपरसोनिक मिसाइल के कथित सफल परीक्षणके बाद उत्तर कोरियाई नेता किम जोंग उन ने घोषणा की कि उनके देश ने सभी रेंज की मिसाइल के लिए ठोस-ईंधन चालित, परमाणु-सक्षम प्रणाली बनाने की क्षमता हासिल कर ली है।

**किम ने लिया संकल्प**

किम ऐसे हथियार बनाने की कोशिश कर रहे हैं जो अमेरिका और एशिया में उसके प्रतिद्वंद्वियों को डरा सके। उत्तर कोरिया के सरकारी मीडिया ने कहा कि परीक्षण की निगरानी किम ने की और उन्होंने ह्वासोंग-16बी मिसाइल को अपने परमाणु युद्ध निवारक हथियारों का एक महत्वपूर्ण हिस्सा बताया। उन्होंने अमरीका, दक्षिण कोरिया और जापान का जिक्र करते हुए अपने ''दुश्मनों'' का मुकाबला करने के लिए ऐसे और हथियार विकसित करने का संकल्प लिया।

# अरविंद केजरीवाल की गिरफ्तारी के खिलाफ देशव्यापी अनशन, 7 अप्रैल को जंतर-मंतर पर जुटेंगे आप नेता

**नई दिल्ली। स्टिंग आप्रेशन ब्यूरो**



दिल्ली के मुख्यमंत्री अरविंद केजरीवाल की गिरफ्तारी के खिलाफ आम आदमी पार्टी के नेता देशव्यापी अनशन करेंगे। दिल्ली सरकार में मंत्री और पार्टी की सीनियर नेता गोपाल राय ने बुधवार को कहा कि दिल्ली के मुख्यमंत्री अरविंद केजरीवाल की गिरफ्तारी के विरोध में पार्टी के नेता सात अप्रैल को जंतर-मंतर पर अनशन करेंगे। उन्होंने पार्टी के राष्ट्रीय संयोजक की गिरफ्तारी के खिलाफ देशव्यापी अनशन का आह्वान किया। उन्होंने कहा कि अगर आप दिल्ली के मुख्यमंत्री की गिरफ्तारी के खिलाफ हैं, तो आप गिरफ्तारी के खिलाफ सात अप्रैल को अनशन कर सकते हैं। आप कहीं भी, घर पर, अपने शहर में सामूहिक अनशन कर सकते हैं। गोपाल राय ने कहा कि 'आप' को खत्म करने के उद्देश्य से पार्टी के शीर्ष नेतृत्व गिरफ्तार किया गया है। उन्होंने कहा कि दिल्ली सरकार के मंत्री, 'आप' सांसद, विधायक, पार्षद और पदाधिकारी सात अप्रैल को जंतर-मंतर पर अनशन करेंगे। यह एक खुला कार्यक्रम होगा और छात्र संगठन, किसान संगठन, व्यापारी इसमें आकर भाग ले सकते हैं। बता दें कि केजरीवाल को पिछले महीने प्रवर्तन निदेशालय ने आबकारी नीति से जुड़े मनी लॉन्ड्रिंग मामले में गिरफ्तार किया था। उन्हें 15 अप्रैल तक न्यायिक हिरासत में भेज दिया गया है।

# स्टिंग आप्रेशन

e-mail : stingnews24@gmail.com
www.stingoperation.us

जालन्धर, वीरवार, 4 अप्रैल 2024










# राज्यसभा से रिटायर हुए पूर्व पी.एम. मनमोहन सिंह

पूर्व प्रधानमंत्री मनमोहन सिंह के राज्यसभा से सेवानिवृत्त होने पर लिखे पत्र में कांग्रेस अध्यक्ष मल्लिकार्जुन खरगे ने एक पत्र में लिखा है कि इसके साथ ही एक युग का अंत हो गया है...

**स्टिंग आप्रेशन की विशेष रिपोर्ट**



**Sumit Bhateja**
Joint Editor
Daily Sting Operation


Sting Operation
NEWSPAPER & WEB CHANNEL
Contact 90416-59160
Exclusive


कांग्रेस के अध्यक्ष मल्लिकार्जुन खरगे ने देश के पूर्व प्रधानमंत्री मनमोहन सिंह की राज्यसभा से विदाई पर एक भावुक पत्र लिखा है। अपने पत्र में कांग्रेस अध्यक्ष ने देश के लिए पूर्व प्रधानमंत्री के योगदान को भी रेखांकित किया है। खरगे ने लिखा है कि कैसे मनमोहन सिंह ने बहुत ही ज्यादा समर्पण और निष्ठा दिखाते हुए देश की सेवा की है और गरीबों के लिए काम किया है। उन्होंने लिखा है कि मनमोहन सिंह ऐसे शख्स रहे हैं जिनकी सलाह को वह महत्व देते हैं। अपने पत्र की शुरुआत में खरगे ने मनमोहन को संबोधित करते हुए लिखा है कि तीन दशकों से अधिक समय तक सेवा करने के बाद आज जब आप राज्यसभा से सेवानिवृत्त हो रहे हैं, तो एक युग का अंत हो गया है। बहुत कम लोग कह सकते हैं कि उन्होंने आपसे अधिक समर्पण और अधिक निष्ठा से हमारे देश की सेवा की है। बहुत कम लोगों ने देश और उसके लोगों के लिए आपके जितना काम किया है। पत्र में खरगे ने आगे लिखा, कि आपके मंत्रिमंडल का हिस्सा बनना मेरे लिए व्यक्तिगत रूप से सौभाग्य की बात है। पिछले 10 वर्षों में, जबकि मैं लोकसभा और राज्यसभा में कांग्रेस पार्टी का नेता रहा हूं, आप हमेशा ज्ञान का स्रोत रहे हैं और ऐसे व्यक्ति रहे हैं जिनकी सलाह को मैं महत्व देता हूं। पिछले कुछ वर्षों में, आपने व्यक्तिगत असुविधाओं के बावजूद कांग्रेस पार्टी के लिए उपलब्ध रहना सुनिश्चित किया है। इसके लिए पार्टी और मैं सदैव आभारी रहेंगे।

## खरगे ने पत्र में और क्या लिखा

**खरगे ने पत्र में लिखा कि आपने दिखाया है कि ऐसी आर्थिक नीतियों को आगे** बढ़ाना संभव है जो बड़े उद्योगों, युवा उद्यमियों, छोटे व्यवसायों, वेतनभोगी वर्ग और गरीबों के लिए समान रूप से फायदेमंद हों। यह आप ही थे जिन्होंने दिखाया कि गरीब भी देश के विकास में भाग ले सकते हैं और गरीबी से बाहर निकल सकते हैं। आपकी नीतियों की बदौलत, आपके प्रधानमंत्री रहते हुए भारत 27 करोड़ लोगों को गरीबी से बाहर निकालने में सक्षम रहा, जो दुनिया में गरीबी से बाहर आए लोगों की सबसे बड़ी संख्या है।

## बराक ओबामा का भी किया जिक्र

**खरगे ने अपने पत्र में मनरेगा स्कीम,** मनमोहन की सरकार के वक्त की न्यूक्लियर डील का भी जिक्र किया है। ओबामा द्वारा मनमोहन का जिक्र किए जाने को लेकर खरगे ने कहा कि मुझे याद है कि राष्ट्रपति ओबामा ने आपके बारे में कहा था कि जब भी भारतीय प्रधान मंत्री बोलते हैं, तो पूरी दुनिया उन्हें सुनती है। ये केवल कुछ उदाहरण हैं जिनका मैं राष्ट्र के प्रति आपके अनेक योगदानों में से उल्लेख कर रहा हूं।

### जैन समुदाय ने अमरीका में लोगों को जागरूक करने का उठाया बीड़ा

# ‘डिजिटल डीटॉक्स’ आंदोलन किया आरंभ

मोबाइल फोन, लैपटॉप या फिर इलैक्ट्रॉनिक गैजेट्स की लत मानसिक क्षमता के साथ-साथ शारीरिक सेहत को भी नुकसान पहुंचाती है। अब अमेरिका में जैन समुदाय के लोगों से इसे लेकर एक बड़ा आंदोलन शुरू किया है...

**वाशिंगटन। स्टिंग आप्रेशन ब्यूरो**




अमरीका में रह रहे जैन समुदाय ने मोबाइल फोन और लैपटॉप के स्क्रीन से नियमित अंतराल पर दूरी बनाने के लिए ‘डिजिटल डीटॉक्स’ आंदोलन शुरू किया है। समुदाय के कार्यकर्ता अजय जैन भूटोरिया ने कहा कि नियमित अंतराल पर डिजिटल स्क्रीन से दूरी बनाना हमारे समावेशी कल्याण के लिए बहुत जरूरी है और इससे बचे वक्त का इस्तेमाल परिवार और दोस्तों के साथ रिश्तों को मजबूत करने साथ-साथ तनाव कम करने आदि के लिए किया जा सकता है। अजय जैन भूटोरिया ने कहा कि यह जरूरी है कि डिजिटल स्क्रीन से दूरी बनाकर जिंदगी की सुंदरता को फिर से देखें। भूटोरिया ने कहा कि आज की तेज रफ्तार दुनिया में डिजिटल स्क्रीन हमारी जिंदगी पर हावी है। डिजिटल स्क्रीन से दूरी बनाना बहुत सकारात्मक हो सकता है। उन्होंने कहा कि यह कदम अणुव्रत अनुशास्ता और इसके नेता आचार्य श्री महाश्रमण के दृष्टिकोण से प्रेरित है।

## क्या है ‘डिजिटल डिटॉक्स’

**एक तय समय के लिए मोबाइल फोन, लौपटॉप** या फिर ऐसे ही इलैक्ट्रॉनिक डिवाइसेज से दूरी बना लेने को डिजिटल डिटॉक्स कहा जाता है। किसी भी चीज की अधिकता परेशानी का सबब बन सकती है खासतौर वो भी तब जब आप घर के अंदर एक डिवाइस के साथ वक्त बिता रहे हैं। इलैक्ट्रॉनिक डिवाइसेज पर हर समय एक्टिव रहना भी एक लत की तरह है जो आपकी सेहत के बेहद नुकसानदेह है। डिजिटल डिटॉक्स आपको इसी लत से बचाने की एक प्रक्रिया है। इसमें एक समय तय होता है जब तमाम सोशल मीडिया प्लेटफॉर्म समेत मोबाइल या लैपटॉप से दूरी बना ली जाती है।

## बड़ी योजना पर चल रहा है काम

**अणुव्रत अनुशास्ता शब्द जैन दर्शन से आया है। अणुव्रत छोटी प्रतिज्ञाओं या प्रतिबद्धताओं** के लिए होता है और अनुशास्ता उस व्यक्ति को संदर्भित करता है जो इन प्रतिज्ञाओं को लागू कराता है या निर्धारित करता है। जैन धर्म में, अणुव्रत अनुशास्ता वह है जो लोगों को अणुव्रत अपनाने के लिए मार्गदर्शन देता है। भूटोरिया और उनकी टीम ‘डिजिटल डिटॉक्स’ आंदोलन के लिए समर्थन मांगने के वास्ते संसद के सदस्यों के साथ-साथ नीति निर्माताओं, गैर-लाभकारी निकायों, शिक्षाविदों और थिंक टैंक से संपर्क करने की योजना बना रही है।




### फोर्ब्स द्वारा विश्व अरबपतियों की सूची जारी

# 200 भारतीयों के नाम; कुल संपत्ति है 954 अरब डॉलर

**स्टिंग आप्रेशन की विशेष रिपोर्ट**

फोर्ब्स की विश्व के अरबपतियों की 2024 की सूची में इस बार 200 भारतीयों के नाम शामिल हैं। पिछले साल इसमें 169 भारतीयों का नाम था। इन भारतीयों की कुल संपत्ति 954 अरब डॉलर है, जो पिछले साल के 675 अरब डॉलर से 41 फीसदी अधिक है। फोर्ब्स की भारतीय अरबपतियों की सूची में सबसे ऊपर मुकेश अंबानी का नाम है, जिनकी कुल संपत्ति 83 अरब डॉलर से बढ़कर 116 अरब डॉलर हो गई, जिससे वह 100 अरब डॉलर क्लब में प्रवेश करने वाले पहले एशियाई बन गए। मुकेश अंबानी ने दुनिया के नौवें सबसे अमीर व्यक्ति के रूप में अपना स्थान बरकरार रखा और भारत और एशिया के सबसे अमीर व्यक्ति हैं। गौतम अदाणी सूची के अनुसार दूसरे सबसे अमीर भारतीय हैं। उनकी संपत्ति में 36.8 अरब डॉलर का इजाफा हुआ। वे 84 अरब डॉलर की संपत्ति के साथ सूची में 17वें स्थान पर हैं। सावित्री जिंदल भारत की सबसे अमीर महिला बनी हुई हैं। भारत के सबसे अमीर लोगों की सूची में उनका नाम चौथे स्थान पर है। एक साल पहले वह छठे स्थान पर थीं। उनकी कुल संपत्ति 33.5 अरब डॉलर है। सूची में पच्चीस नए भारतीय अरबपतियों ने डेब्यू किया है। इनमें नरेश त्रेहन, रमेश कुन्हीकन्नन और रेणुका जगतियानी का नाम शामिल हैं। वहीं, बायजू रवींद्रन और रोहिका मिस्त्री का नाम सूची से बाहर हो गया है।

**ये हैं भारत के 10 सबसे अमीर लोग**

मुकेश अंबानी : नैटवर्थ 116 अरब डॉलर, गौतम अदाणी : कुल संपत्ति 84 अरब डॉलर, शिव नादर : कुल संपत्ति 36.9 अरब डॉलर, सावित्री जिंदल : नैटवर्थ 33.5 अरब डॉलर, दिलीप सांघवी : नैट वर्थ 26.7 अरब डॉलर, साइरस पूनावाला : कुल संपत्ति 21.3 अरब डॉलर, कुशल पाल सिंह : नैटवर्थ 20.9 अरब डॉलर, कुमारमंगलम बिड़ला : कुल संपत्ति 19.7 अरब डॉलर, राधाकिशन दमानी- कुल संपत्ति 17.6 अरब डॉलर एवं लक्ष्मी मित्तल- कुल संपत्ति 16.4 अरब डॉलर आदि नाम शामिल हैं।

# ताइवान में आए शक्तिशाली भूकंप से उठी सुनामी की लहर, जापान के दो द्वीपों को अपनी चपेट में लिया

**स्टिंग आप्रेशन की विशेष रिपोर्ट**

ताइवान में आए शक्तिशाली भूकंप के चलते सुनामी की पहली लहर ने जापान के दक्षिणी द्वीपों को अपनी चपेट में ले लिया है। एपी की रिपोर्ट ने जापान के अधिकारियों के हवाले से यह खबर दी है। ताइवान की धरती आज भूकंप के तेज झटकों से हिल उठी। रिक्टर स्केल पर इसकी तीव्रता 7.2 मापी गई। भूकंप की तीव्रता से समंदर में सुनामी की लहर उठी और इसने दक्षिणी जापान के दो द्वीपों को अपनी चपेट में ले लिया है। भूकंप की तीव्रता का अंदाजा इसी बात से लगाया जा सकता है कि कई इमारतें ताश के पत्तों की तरह ढेर हो गईं। ताइवान में इस भूकंप से भारी तबाही का अंदेश है। देशभर में ट्रेन सेवाएं सस्पेंड कर दी गई हैं। भूकंप के चलते कई शहरों में बिजली की सप्लाई बाधित हो गई है। हालांकि अभी तक भूकंप से किसी के हताहत होने की खबर नहीं है। भूकंप के से कई ऐतिहासिक धरोहरों को भी नुकसान पहुंचने की खबर है। ताइवान में भूकंप के बाद सरकारी दफ्तरों और स्कूलों में कामकाज बंद करने का विकल्प दिया गया है। जापान की सबसे बड़ी एयलाइंस ने ओकिनावा और कोगोशिमा इलाकों में उड़ानें स्थगित कर दी है।

# 12 साल के छात्र ने स्कूल में की गोलीबारी, एक स्टूडैंट की मौत, 2 घायल

**दक्षिणी फिनलैंड। स्टिंग आप्रेशन ब्यूरो**

दक्षिणी फिनलैंड के एक माध्यमिक स्कूल में 12 वर्ष के एक छात्र ने गोलीबारी की। गोलीबारी की इस घटना के बाद स्कूल में हड़कंप मच गया। इस घटना में एक छात्र की मौत हो गई है जबकि दो छात्र घायल हुए हैं। पुलिस ने मामले की जानकारी देते हुए बताया कि संदिग्ध को गिरफ्तार कर लिया गया है। पुलिस के मुताबिक सुबह करीब नौ बजे सूचना मिली कि राजधानी हेलसिंकी के बाहरी क्षेत्र वंता शहर में लगभग 800 विद्यार्थियों वाले एक माध्यमिक स्कूल में गोलीबारी हुई है। सूचना मिलने के बाद पुलिस मौके पर पहुंची और स्कूल को घेर लिया। पुलिस ने बताया कि संदिग्ध और घायलों की उम्र 12 वर्ष के आसपास है। पुलिस ने बताया कि संदिग्ध को बाद में हेलसिंकी इलाके से गिरफ्तार कर लिया गया। उसके पास से एक हैंडगन मिली। घायल छात्रों की फिलहाल क्या स्थिति है, इस बारे में कुछ भी स्पष्ट तौर पर नहीं बताया गया है। फिनलैंड के प्रधानमंत्री पेटेरी ओर्पो ने सोशल मीडिया मंच ‘एक्स’ पर पोस्ट किया कि वो गोलीबारी की घटना से ‘‘बेहद दुखी’’ हैं। पुलिस के मुताबिक इस पूरी घटना की जांच जारी है। अब तक यह साफ नहीं है कि आरोपी छात्र ने फायरिंग क्यों की।




### हृदय रोग, डायबिटीज व ब्लड प्रैशर जैसी बीमारियों में उपयोग होने वाली दवाओं में अब नकली दवाओं की एंट्री

# ऑल इंडिया ऑर्गेनाइजेशन ऑफ कैमिस्ट एंड ड्रगिस्ट द्वारा दवा विक्रेताओं को चेतावनी जारी

यदि आप हृदय रोग या डायबिटीज की दवा ले रहे हैं और आपने यह दवा ऑनलाइन या 25 प्रतिशत से ज्यादा के डिस्काऊंट पर ली है तो सावधान हो जाइए। आपकी असली पैकिंग वाली ब्रांडेड दवा नकली भी हो सकती है...

**स्टिंग आप्रेशन की विशेष रिपोर्ट**



Rakesh Bhateja
Assistant Editor
Daily Sting Operation
98722-53436

यदि आप हृदय रोग या डायबिटीज की दवा ले रहे हैं और आपने यह दवा ऑनलाइन या 25 प्रतिशत से ज्यादा के डिस्काऊंट पर ली है तो सावधान हो जाइए। आपकी असली पैकिंग वाली ब्रांडेड दवा नकली भी हो सकती है। हाल ही में गाजियाबाद मुंबई और जयपुर में ऐसे कई मामले सामने आए हैं जिसमें मरीज को डिस्काऊंट पर दी गई दवाइयां नकली पाई गईं। इस स्थिति को देखते हुए ऑल इंडिया ऑर्गेनाइजेशन ऑफ कैमिस्ट एंड ड्रगिस्ट ने देश भर के दवा विक्रेताओं के लिए चेतावनी जारी की है। दरअसल, हृदय रोग, डायबिटीज, ब्लड प्रेशर जैसी बीमारियों में उपयोग होने वाली दवाओं के बाजार में अब नकली नकली दवा की भी एंट्री हो चुकी है। सबसे चिंताजनक बात यह है कि नकली दवा भी असली दवा कंपनियों के नाम से ही हूबहू पैकिंग और प्रिंटिंग के साथ बेची जा रही हैं। हाल ही में ऐसा मामला गाजियाबाद के साहिबाबाद थाना क्षेत्र से आया है, जहां ड्रग डिपार्टमैंट के छापे के बाद नकली दवा की फैक्टरी से एक करोड़ 10 लख रुपए की नकली दवाएं बरामद की गई थीं।


Sting Operation
NEWSPAPER & WEB CHANNEL
Contact 90416-59160
Exclusive


## दवाओं को लेकर जारी की गई चेतावनी

**देशभर में दवा विक्रेताओं की सबसे बड़ी संस्था ऑल इंडिया ऑर्गेनाइजेशन ऑफ** कैमिस्ट एंड ड्रगिस्ट ने ऑनलाइन और नकली दबाव की बिक्री का विरोध करते हुए सभी दवा विक्रेताओं के लिए चेतावनी जारी की है। इस चेतावनी में कहा गया है कि नकली और डुप्लीकेट ब्रांडेड दवाएं मुख्य रूप से अत्यधिक डिस्काऊंट की पेशकश करने वाले अवैध व्यापारियों या ऑनलाइन दवा विक्रेताओं के माध्यम से सप्लाई हो रही हैं। इन दवाओं में ब्रांडेड नाम वाली प्रमुख दवाएं एक जैसी पैकिंग के साथ भारी डिस्काऊंट में उपलब्ध कराई जा रही है, जिससे मरीजों की जान से खिलवाड़ हो रहा है।

## ज्यादा डिस्काउंट मिले तो हो जाएं सतर्क: राजीव सिंघल



**ऑल इंडिया ऑर्गेनाइजेशन ऑफ कैमिस्ट एंड ड्रगिटेस्ट के महासचिव** राजीव सिंघल बताते हैं कि नकली दवा विक्रेता 25 प्रतिशत से ज्यादा के डिस्काउंट पर लोगों को दवा उपलब्ध कराने का लालच देकर फंसाते हैं। उन्होंने कहा कि दवाओं का मूल्य निर्धारण भारत सरकार द्वारा किया जाता है, जिसमें 16 फीसदी मार्जिन रीटेलर कैटेगरी में जबकि 8 प्रतिशत मार्जिन थोक व्यापारी को है. पूरे दवा मार्कीट में ही कुल 24 प्रतिशत का ट्रेड मार्जिन होता है। ऐसी स्थिति के बावजूद कोई भी असली दवा 25 या 30 प्रतिशत डिस्काऊंट पर नहीं मिल सकती। अगर कोई इससे ज्यादा डिस्काऊंटदे रहा है तो वह नकली हो सकती है।

### कांग्रेस ने 'घर-घर गारंटी' अभियान की शुरुआत की

# 'मोदी की गारंटी' को बताया नाकाम

**नई दिल्ली। स्टिंग आप्रेशन ब्यूरो**

कांग्रेस अध्यक्ष मल्लिकार्जुन खरगे ने लोकसभा चुनाव के लिए बुधवार को उत्तर पूर्वी दिल्ली से पार्टी के 'घर-घर गारंटी' अभियान की शुरुआत की और दावा किया कि प्रधानमंत्री नरेन्द्र मोदी की 'गारंटी' लोगों को नहीं मिली, लेकिन उनकी पार्टी जो गारंटी दे रही है, उन पर वह अमल करेगी। पार्टी का यह चुनावी अभियान पांच 'न्याय' और 25 'गारंटी' पर आधारित है। इस अभियान के तहत कांग्रेस कार्यकर्ता पांच 'न्याय' और 25 'गारंटी' वाला कार्ड घर-घर जाकर वितरित करेंगे। पार्टी का लक्ष्य आठ करोड़ परिवारों तक पहुंचने का है। खरगे ने उत्तर पूर्वी दिल्ली लोकसभा क्षेत्र में इस अभियान की शुरुआत की। इस मौके पर उन्होंने कांग्रेस के पांच 'न्याय' और 25 'गारंटी' का उल्लेख किया। कांग्रेस अध्यक्ष खरगे ने कहा, ''इन गारंटी के कार्ड हमारे लोग घर-घर बांटेंगे। वह लोगों को बताएंगे कि हमारी सरकार आने के बाद हम क्या क्या काम करेंगे।'' उन्होंने कहा ''हम लोगों को गारंटी देते हैं कि हमारी सरकार हमेशा गरीबों के साथ रहेगी और गरीबों के लिए काम करेगी।'' कांग्रेस अध्यक्ष ने संयुक्त प्रगतिशील गठबंधन सरकार के समय की प्रमुख योजनाओं और कानूनों का उल्लेख करते हुए कहा कि कांग्रेस की सरकारों में देश की जनता को फायदा हुआ है। पार्टी ने 'युवा न्याय' के तहत जिन पांच गारंटी की बात की है उनमें 30 लाख सरकारी नौकरियां देने और युवाओं को एक साल के लिए प्रशिक्षुता कार्यक्रम के तहत एक लाख रुपये देने का वादा शामिल है। पार्टी ने 'हिस्सेदारी न्याय' के तहत जाति आधारित जनगणना कराने और आरक्षण की 50 प्रतिशत की सीमा खत्म करने की 'गारंटी' दी है। उसने 'किसान न्याय' के तहत न्यूनतम समर्थन मूल्य को कानूनी दर्जा देने, कर्ज माफी आयोग के गठन तथा 'जीएसटी' मुक्त खेती का वादा किया है।

## मोदी की गारंटी लोगों को नहीं मिली-खरगे

उन्होंने कहा कि मोदी जी अपनी गारंटी की बात करते हैं, लेकिन उनकी गारंटी कामयाब नहीं हुई। उनकी गारंटी लोगों को नहीं मिली। उन्होंने हर साल दो करोड़ नौकरियों की बात की, लेकिन लोगों को नौकरी नहीं मिली। उन्होंने 15-15 लाख रुपये देने का वादा किया, लेकिन यह गारंटी भी पूरी नहीं।'' खरगे ने आरोप लगाया कि किसानों से किए वादे भी मोदी सरकार ने पूरे नहीं किए। लोकसभा चुनाव के लिए कांग्रेस का घोषणापत्र पांच न्याय - 'हिस्सेदारी न्याय', 'किसान न्याय', 'नारी न्याय', 'श्रमिक न्याय' और 'युवा न्याय'- पर आधारित होगा।


पत्रकारिता का जज़्बा दफन न होने दो

हमारे साथ सम्पर्क करें

'स्टिंग अप्रेशन' समाचार पत्र

'स्टिंग अप्रेशन' वैब टी.वी.




हर गांव, कस्बे, शहर एवं स्टेट से शिक्षित, मेहनती लड़के-लड़कियां पत्रकारिता के लिए सम्पर्क करें

Mob. : 90416-59160, 94177-17088
E-mail : stingnews24@gmail.com
www.stingoperation.us




### बहुचर्चित वी.वी.पैट. मामला

# अगले सप्ताह सुनवाई करेगा सुप्रीम कोर्ट

**नई दिल्ली। स्टिंग आप्रेशन ब्यूरो**

सुप्रीम कोर्ट ईवीएम के साथ वीवीपैट मशीन की पर्चियों के मिलान के मामले पर अगले हफ्ते सुनवाई के लिए तैयार हो गया है। जस्टिस संजीव खन्ना की अध्यक्षता वाली पीठ ने कहा कि एडीआर की तरफ से दायर की गई याचिका अगले हफ्ते मंगलवार या बुधवार के लिए सूचीबद्ध की जाएगी। याचिकाकर्ता संगठन एडीआर की तरफ से सुप्रीम कोर्ट में पेश हुए वकील प्रशांत भूषण ने मांग की कि याचिका पर जल्द सुनवाई की जाए। सुप्रीम कोर्ट ने मंगलवार को वीवीपैट के मुद्दे पर दायर एक अन्य याचिका पर चुनाव आयोग और केंद्र सरकार को नोटिस भेजकर जवाब मांगा था। वरिष्ठ वकील गोपाल शंकर नारायणन भी इस मामले में कोर्ट में पेश हुए और उन्होंने कहा कि चुनाव नजदीक हैं और अगर इस मामले पर सुनवाई नहीं की गई तो यह याचिका निष्फल हो जाएगी। जस्टिस खन्ना के साथ ही पीठ में जस्टिस एमएम सुंदरेश और जस्टिस बेला एम त्रिवेदी भी शामिल रहे। पीठ ने कहा कि वे हालात से वाकिफ हैं और अगले हफ्ते मामले पर सुनवाई करेंगे। बीते साल 17 जुलाई को शीर्ष अदालत ने एडीआर की याचिका पर चुनाव आयोग से जवाब मांगा था। अपनी याचिका में एनजीओ ने मांग की है कि चुनाव आयोग और केंद्र सरकार यह सुनिश्चित करें कि मतदाता वीवीपैट मशीन के जरिए अपने वोट की पुष्टि कर सकें।

**वीवीपैट पर्चियों से वोटों के मिलान की मांग**

सुप्रीम कोर्ट में एसोसिएशन फॉर डैमोक्रेटिक रिफॉर्म्स ने याचिका दायर कर ईवीएम मशीनों के साथ वीवीपैट (वोटर वेरिफाइड पेपर ऑडिट ट्रेल) पर्चियों का मिलान करने की मांग की थी। वीवीपैट एक स्वतंत्र वोट सत्यापन मशीन है, जिससे पता चलता है कि मतदाता ने जो वोट डाला है, वो सही तरीके से डाला गया है या नहीं। अभी वीवीपैट पर्चियों के माध्यम से सिर्फ पांच कोई भी चयनित ईवीएम के सत्यापन का चलन है। सुप्रीम कोर्ट के वकील और सामाजिक कार्यकर्ता अरुण कुमार अग्रवाल ने भी सुप्रीम कोर्ट में याचिका दायर कर वीवीपैट पर्चियों की पूरी गिनती करने और उनकी ईवीएम से मिलान करने की मांग की है।

## लोकसभा चुनाव: ड्यूटी पर चोट लगने या बीमार पड़ने पर कर्मचारियों का होगा निशुल्क उपचार

**शिमला। स्टिंग आप्रेशन ब्यूरो**

लोकसभा चुनाव में ड्यूटी देने वाले अधिकारियों और कर्मचारियों के स्वास्थ्य का पूरा ख्याल रखा जाएगा। ड्यूटी में तैनात केंद्र और राज्य सरकार के कर्मचारियों को कैशलेस उपचार की सुविधा उपलब्ध कराई जाएगी। इलाज का पूरा खर्च चुनाव आयोग उठाएगा। लोकसभा और विधानसभा उपचुनाव के दौरान ड्यूटी में तैनात कई कर्मचारी कई बार चोटिल या फिर बीमार हो जाते हैं। कभी कभार ड्यूटी के दौरान मृत्यु भी हो जाती है। इसे देखते हुए चुनाव के दौरान ड्यूटी पर चोट लगने, बीमार पड़ने या फिर मृत्यु होने पर कर्मियों को सुरक्षा और उपचार की सुविधा दी जाएगी। राज्य निर्वाचन अधिकारी ने अधिसूचना जारी कर दी गई है। कर्मचारियों का उपचार सरकारी और निजी अस्पताल में करवाया सकता है। निर्वाचन अधिकारी के आदेश के बाद स्वास्थ्य विभाग के सचिव ने सभी जिलों के चिकित्सा अधिकारियों को पत्र जारी कर सुनिश्चित करवाने को कहा गया है। अधिसूचना के अनुसार लोकसभा चुनाव में कर्त्तव्यों का निर्वहन करने के लिए नियुक्त केंद्रीय या राज्य सरकार के कर्मियों को किसी भी सरकारी और निजी अस्पताल में कैशलेस उपचार मिलेगा। उपायुक्त तोरुल एस रवीश ने एसडीएम,विभाग प्रमुखों को इसके बारे में अवगत करवाया है।

## पंजाब में काम कर रहे जम्मू, हिमाचल-चंडीगढ़ के लोगों को वोटिंग के लिए मिलेगी छुट्टी

**चंडीगढ़। स्टिंग आप्रेशन ब्यूरो**

लोकसभा चुनाव में पंजाब में काम करने वाले पड़ोसी राज्यों के निवासियों को विशेष छुट्टी देने की घोषणा की गई है। इसके तहत जम्मू-कश्मीर व राजस्थान के वोटरों के लिए 19 अप्रैल व हिमाचल प्रदेश और यूटी चंडीगढ़ के वोटरों के लिए एक जून को अवकाश की घोषणा की गई है। मुख्य निर्वाचन अधिकारी सिबिन सी. ने बताया कि पंजाब राज्य के सरकारी दफ्तरों, बोर्डों-कारपोरेशनों और सरकारी शैक्षणिक संस्थानों में काम करने वाले सरकारी अधिकारियों एवं कर्मचारियों में से यदि कोई राजस्थान और जम्मू-कश्मीर का वोटर है तो वह वोट डालने के लिए अपना वोटर कार्ड पेश करके संबंधित अथॉरिटी से 19 अप्रैल की विशेष छुट्टी ले सकेगा। यह छुट्टी अधिकारियों एवं कर्मचारियों के छुट्टियों के खाते में से नहीं काटी जाएगी। इस संबंध में पंजाब सरकार की ओर से नोटिफिकेशन जारी कर दिया गया है। इसी तरह पंजाब के किसी भी औद्योगिक संस्थान, कारोबार, व्यापार या किसी भी अन्य संस्थान में काम करने वाले यूटी चंडीगढ़ और हिमाचल प्रदेश के वोटरों को भी वोट डालने के लिए सवैतनिक छुट्टी घोषित की गई है।





### लोकसभा चुनाव : नामांकन दाखिल करने की प्रक्रिया का दौर जारी

# राहुल गांधी ने वायनाड से दाखिल किया नामांकन, प्रियंका गांधी के नेतृत्व में रोड शो

**कांग्रेस नेता राहुल गांधी आज केरल की वायनाड लोकसभा सीट से अपना नामांकन फाइल किया। इससे पहले उन्होंने रोड शो भी किया...**

**स्टिंग आप्रेशन की विशेष रिपोर्ट**



Rakesh Bhateja
Assistant Editor
Daily Sting Operation
98722-53436

कांग्रेस सांसद राहुल गांधी ने बुधवार को वायनाड से नामांकन दाखिल कर दिया। इस दौरान उनकी बहन प्रियंका गांधी भी मौजूद रहीं। नामांकन दाखिल करने से पहले उन्होंने कलपेट्टा से रोड शो की शुरुआत की। रोड शो करने के दौरान राहुल गांधी ने कहा कि यहां पर मानव-पशु संघर्ष का मुद्दा है, मैडीकल कॉलेज का मुद्दा है। मैं इस लड़ाई में वायनाड के लोगों के साथ खड़ा हूं। हमने मैडीकल कॉलेज को लेकर सरकार पर दबाव बनाने की कोशिश की है। सीएम को पत्र लिखा है। लेकिन दुर्भाग्य से वे आगे नहीं बढ़े हैं। मुझे पूरा विश्वास है कि अगर दिल्ली में हमारी सरकार है और जब केरल में हमारी सरकार बनेगी, तो हम इन मुद्दों को हल करेंगे। राहुल गांधी ने कहा कि आपका सांसद सदस्य होना मेरे लिए सम्मान की बात है। मैं आपके साथ एक मतदाता की तरह व्यवहार नहीं करता और न ही आपके बारे में सोचता हूं। मैं आपके साथ वैसा ही व्यवहार करता हूं और आपके बारे में सोचता हूं जैसे मैं अपनी छोटी बहन प्रियंका के बारे में सोचता हूं। वायनाड के घरों में मेरी बहनें, मां, पिता और भाई हैं और इसके लिए मैं आपका तहे दिल से धन्यवाद देता हूं।

## ये नेता रहे रोड शो में शामिल

अखिल भारतीय कांग्रेस कमेटी (एआईसीसी) महासचिव के सी वेणुगोपाल एवं दीपा दास, एआईसीसी की छात्र इकाई भारतीय राष्ट्रीय छात्र संगठन (एनएसयूआई) के प्रभारी कन्हैया कुमार, राज्य विधानसभा में विपक्ष के वी डी सतीशन एवं केपीसीसी (केरल प्रदेश कांग्रेस कमेटी) के कार्यकारी अध्यक्ष एम एम हसन भी रोड शो में शामिल रहे। कांग्रेस नेता राहुल गांधी ने 2019 के लोकसभा चुनावों में कुल 10,92,197 मतों में से 7,06,367 मत हासिल किए थे, जबकि उनके निकटतम प्रतिद्वंद्वी भारतीय कम्युनिस्ट पार्टी के पी पी सुनीर को केवल 2,74,597 वोट मिले थे।




### पंजाब में नहरी पानी ही लिख सकता है समृद्धि की कहानी

# लम्बे समय से किसान उठा रहे मांग

**कृषि प्रधान राज्य पंजाब लंबे समय से जल संकट से जूझ रहा है। कभी समय था जब पंजाब में 90 प्रतिशत सिंचाई नहरी पानी से होती थी, जबकि अब 28 प्रतिशत सिंचाई ही नहरी सिस्टम से हो पा रही है...**

**स्टिंग आप्रेशन की विशेष रिपोर्ट**



Nitin Chadha
Ass. Joint Editor
Daily Sting Operation

आजादी से पहले पंजाब में खेतीबाड़ी पांच प्रमुख नदियों सतलुज, ब्यास, रावी, चेनाब व झेलम पर ही निर्भर थी। सतलुज नदी के पानी का उपयोग करने के लिए वर्ष 1874-82 में रोपड़ हेडवर्क्स का निर्माण किया गया था। खेतीबाड़ी पूरी तरह प्रकृति की देन पर निर्भर थी, जिससे भविष्य और नई पीढ़ी के लिए भी कोई संकट न खड़े होने की गारंटी थी। नहरी पानी ही पंजाब में आई हरित क्रांति की मुख्य धारा साबित हुआ था। मौजूदा इन नदियों से पंजाब को कुल आवंटित नदी जल 14.22 एमएएफ है, जिसे 7 मुख्य नहर प्रणाली अर्थात् सरहिंद नहर प्रणाली, बिस्त दोआब नहर प्रणाली, अपर बारी दोआब केनाल (यूबीडीसी) प्रणाली, सरहिंद फीडर प्रणाली, पूर्वी नहर प्रणाली, भाखड़ा मुख्य लाइन प्रणाली और शाहनहर नहर प्रणाली के माध्यम से क्षेत्रों में वितरित किया जाता है। पंजाब में 14,500 किलोमीटर लंबी नहर प्रणाली और 5 हेड वर्क्स के संचालन किया जा रहा है। पंजाब में कुल खेती योग्य क्षेत्र 42.90 लाख हैक्टेयर है, जिसमें से 30.88 लाख हैक्टेयर को नहर नेटवर्क के कमांड के तहत लाया गया है। पंजाब ने पानी की समस्या से निपटने के लिए एक बार फिर नहरी पानी पर भरोसा जताया है। पंजाब के सिंचाई विभाग के आंकड़े के अनुसार प्रदेश में कुल 17,184 नहरें हैं। इनमें से 4 हजार नहरों का पुनर्निमाण हो चुका है। शेष पर काम चल रहा है। इससे दो तरह से सीधा लाभ होगा, एक यह कि नहर के पानी का उपयोग केवल 20 प्रतिशत होता है और यह कीमती खजाना बर्बाद हो रहा है, उपयोग बढ़ने से नहर के पानी का व्यर्थ प्रवाह बंद हो जाएगा, दूसरा उपयोग है नहरी पानी के कारण ट्यूबवेल भी कम चलेंगे, जिससे भूमिगत जल की बचत होगी। नहरी पानी पर भरोसा जताते हुए इस दिशा में एक बार फिर पंजाब सरकार ने अहम कदम उठाया है। पंजाब सरकार ने मालवा नहर प्रोजेक्ट की शुरुआत की है। इस प्रोजेक्ट के तहत बठिंडा, फरीदकोट, फिरोजपुर और मुक्तसर जिला का लाभ होगा। इन जिलों में कुल 1,78,000 एकड़ जमीन को नहरी पानी उपलब्ध कराया जाएगा। इस प्रोजेक्ट का उद्देश्य भूजल पर निर्भरता को कम करना है। रबि अवधि के दौरान ब्यास-सतलुज नदी के पानी के कम उपयोग वाले पंजाब के हिस्से को अनुकूलित करना है।

## किसान यूनियनों का भी संघर्ष जारी

**नहरी पानी की प्राप्ति के लिए कई किसान** यूनियनों का संघर्ष भी जारी है। सितंबर 2023 में धूरी में पंजाब के अलग-अलग जिलों के 75 गांवों के लोगों और 32 किसान यूनियनों ने प्रदर्शन किया था। साल-दर-साल भूजल की कमी से परेशान धूरी, मालेरकोटला, अमरगढ़ और मेहल कलां गांवों के किसान सिंचाई और पीने के पानी के लिए नहर के पानी की मांग कर रहे हैं। यह विरोध प्रदर्शन नहरी पानी प्राप्ति संघर्ष समिति (एनपीपीएससी) के बैनर तले किया गया था।

## फाजिल्का में 35 साल बाद नहरी पानी पहुंचा

**पंजाब के फाजिल्का के गांव जानीसर में 35 वर्षों बाद** जनवरी 2024 में नहरी पानी पहुंचा। पंजाब में कई ऐसी नहरें हैं, जहां आजादी के बाद से नहरी पानी पूरी तरह विलुप्त हो गया है, जिन्हें जीवित कर उस क्षेत्र को हरा-भरा किया जा सकता है।

## हर जिले के अंतिम छोर तक पहुंचाएंगे नहरी पानी: मान



पंजाब के मुख्यमंत्री भगवंत सिंह मान ने कहा कि प्रदेश के हर जिले में अंतिम छोर तक नहरी पानी पहुंचाया जाएगा। सरकार ने इसके लिए कई नए प्रोजेक्ट शुरू किए हैं, जिसमें मालवा नहर प्रोजेक्ट और शाहपुर कंडी बांध योजना शामिल हैं। हमारी प्राथमिकता है कि प्रदेश में गिरते भूजल स्तर की स्थिति को नहरी पानी की उपयोगिता को बढ़ाकर इस संकट को दूर किया जाए।

## विधानसभा में उठाया मुद्दा: रंधावा



डेराबस्सी के विधायक कुलजीत सिंह रंधावा ने कहा कि डेराबस्सी हलके में नहरी पानी के लिए कोई संसाधन उपलब्ध नहीं है, मैंने इस बार विधानसभा बजट सत्र के दौरान अपने हलके के लिए यह मांग उठाई थी, ताकि डेराबस्सी हलके को नहरी पानी उपलब्ध होने से यहां के किसानों की लंबे अरसे से चली आ रही मांग पूरी हो सके।

## राजस्थान को जाने वाला पानी रोकेंगे: सुखबीर



पंजाब के पूर्व उपमुख्यमंत्री एवं शिरोमणि अकाल दल के अध्यक्ष सुखबीर सिंह बादल ने कहा कि पंजाब पहले से ही पानी के संकट जूझ रहा है, हम जिस दिन सत्ता में आएंगे उस दिन से ही पंजाब का पानी किसी दूसरे राज्य को नहीं जाने देंगे। पंजाब में शिअद की सरकार बनने के बाद राजस्थान को जाने वाले पानी को रोक दिया जाएगा।



कांग्रेस को एक और बड़ा झटका

## कांग्रेसी बॉक्सर विजेंदर सिंह भाजपा में हुए शामिल

**स्टिंग आप्रेशन की विशेष रिपोर्ट**

आगामी लोकसभा चुनाव में कांग्रेस को एक और बड़ा झटका लगा है। मुक्केबाजी में भारत के पहले ओलंपिक पदक विजेता और कांग्रेस नेता विजेंदर सिंह भाजपा में शामिल हो गए हैं। विजेंदर सिंह ने 2019 का लोकसभा चुनाव कांग्रेस उम्मीदवार के रूप में दक्षिणी दिल्ली निर्वाचन क्षेत्र से लड़ा था लेकिन वो हार गए थे। उनका नाम पिछले कुछ दिनों से मथुरा से पार्टी के उम्मीदवार के रूप में चर्चा में था, जहां से अभिनेत्री और मौजूदा सांसद हेमा मालिनी फिर से चुनाव लड़ रही हैं। विजेंदर सिंह जाट समुदाय से आते हैं, जिसका हरियाणा, पश्चिमी उत्तर प्रदेश और राजस्थान में बड़ी संख्या में सीटों पर राजनीतिक प्रभाव है। भाजपा में शामिल होने के बाद विजेंदर सिंह ने कहा देश के विकास और लोगों की सेवा के लिए मैं आज भाजपा में शामिल हुआ हूं। बता दें कि बॉक्सर विजेंदर कुमार ने देश को ओलपिंक में बॉक्सिंग में पहला पदक जिताया था। विजेंदर सिंह का जन्म 29 अक्तूबर, 1985 को हरियाणा के भिवानी में हुआ। पिता नाम महिपाल सिंह बेनीवाल है। जो हरियाणा रोडवेज में बस ड्राइवर रहे। उनकी मां गृहणी हैं। विजेंद्र बेहद निम्न मध्यम वर्गीय परिवार से जुड़े हैं। विजेंद्र सिंह ने अपनी शुरुआती पढाई भिवानी से ही पूरी की है। उन्होंने भिवानी के कॉलेज से स्नातक की पढाई की। विजेंद्र सिंह को कॉलेज के दिनों से ही मुक्केबाजी और कुश्ती का शौक था, वह इसकी प्रैक्टिस भिवानी बॉक्सिंग क्लब में करते थे। उन्होंने कोचिंग का प्रशिक्षण भारतीय बॉक्सिंग कोच गुरबक्श सिंह संधू से लिया हैं।

## फारूक अब्दुल्ला नहीं लड़ेंगे लोकसभा का चुनाव, बेटे उमर ने किया खुलासा

**श्रीनगर। स्टिंग आप्रेशन ब्यूरो**



नैशनल कॉन्फ्रेंस के अध्यक्ष और श्रीनगर से मौजूदा सांसद फारूक अब्दुल्ला से जुड़ी बड़ी खबर सामने आई है। वह आगामी लोकसभा चुनाव नहीं लड़ेंगे। फारूक अब्दुल्ला के बेटे उमर अब्दुल्ला ने ये जानकारी दी है। उमर ने बताया कि स्वास्थ्य कारणों से फारूक अब्दुल्ला लोकसभा चुनाव नहीं लड़ेंगे। हालही में फारूक अब्दुल्ला जम्मू लोकसभा सीट से कांग्रेस प्रत्याशी रमण भल्ला के समर्थन में जम्मू जिला उपायुक्त कार्यालय पहुंचे थे। दरअसल रमण भल्ला का नामांकन दाखिल होना था, जिसके लिए फारूक भी पहुंचे थे। इस दौरान उन्होंने इंडिया गठबंधन पर भी बात की थी। उन्होंने कहा था कि इंडिया गठबंधन में कोई विवाद नहीं है। फारूक, उमर अब्दुल्ला, महबूबा मुफ्ती सब एकजुट हैं।

**संविधान को खत्म करने की साजिश: फारूक**

फारूक ने कहा था कि इंडिया गठबंधन का गठन डॉक्टर अंबेडकर के संविधान को बचाने के लिए किया गया था। उन्होंने ये भी कहा था कि उन्हें डर लगता है कि संविधान को खत्म किए जाने की साजिशें हो रही हैं। उन्होंने ये भी कहा था कि उन्हें उम्मीद है कि जनता आगामी लोकसभा चुनाव में उनका साथ देगी। फारूक ने बीजेपी पर जमकर निशाना साधते हुए उसकी आलोचना की थी। उन्होंने कहा था कि पीएम मोदी रूस और चीन की तरह तानाशाही रवैया अपना रहे हैं। इंडिया गठबंधन ऐसा होने नहीं देगा।

## करोड़ों की संपत्ति लेकिन 14 लाख से ज्यादा का कर्जदार हैं: अरुण गोविल

लोकसभा चुनाव 2024 के लिए भारतीय जनता पार्टी ने मेरठ लोकसभा सीट से एक्टर अरुण गोविल को टिकट दिया है। अरुण गोविल को रामानंद सागर द्वारा निर्मित रामायण में भगवान राम का किरदार निभाने के लिए जाना जाता है। गोविल ने मेरठ से अपना नामांकन दाखिल कर दिया है और अपनी संपत्तियों का भी खुलासा किया है। दी गई जानकारी के मुताबिक, अरुण गोविल के पास करोड़ों की संपत्ति है। हालांकि, गोविल के नाम पर 14 लाख रुपये से अधिक का कर्ज भी है। आइए जानते हैं कि अरुण गोविल के पास क्या कुछ है। अरुण गोविल द्वारा शपथ पत्र में की गई संपत्तियों में खुलासे के बाद पता लगा है कि उनके और उनकी पत्नी के पास कोई भी हथियार नहीं है।

ਸਟਿੰਗ ਆਪ੍ਰੇਸ਼ਨ
e-mail : stingnews24@gmail.com
www.stingoperation.us
ਜਲੰਧਰ । ਵੀਰਵਾਰ, 4 ਅਪ੍ਰੈਲ 2024







# ਇੱਕ ਨਜ਼ਰ



## ਪੰਜਾਬ ਤੋਂ ਦੇਸ਼ ਦੇ ਵੱਖ-ਵੱਖ ਪਿੰਡਾਂ ਵਿੱਚ ਕੈਂਸਰ ਜਾਗਰੂਕਤਾ ਮੁਹਿੰਮ ਦੇ ਤਹਿਤ ਟੀਮ ਰਵਾਨਾ

### ਆਓ ਮਿਲ ਕੇ ਕੈਂਸਰ ਨੂੰ ਹਰਾਈਏ ਸੰਸਥਾ ਦਾ ਉੱਦਮ ਸ਼ਲਾਂਘਾ ਯੋਗ: ਗੌਰਵ ਰਾਣਾ

ਨੂਰਪੁਰ ਬੇਦੀ, 3 (ਕੁਲਦੀਪ ਸੈਣੀ ਮੁਕਾਰੀ)-ਨੂਰਪੁਰ ਬੇਦੀ ਪੀਰ ਬਾਬਾ ਜਿੰਦਾ ਸ਼ਹੀਦ ਅਸਥਾਨ ਤੋਂ ਅੱਜ,,ਆਓ ਮਿਲ ਕੇ ਕੈਂਸਰ ਨੂੰ ਹਰਾਈਏ,, ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਦੇਸ਼ ਭਰ ਵਿੱਚ ਡੋਰ ਟੂ ਡੋਰ ਚੱਲਣ ਵਾਲੀ ਕੈਂਸਰ ਜਾਗਰੂਕਤਾ ਮੁਹਿੰਮ ਦੇ ਸੰਸਥਾਪਕ ਮੈਂਬਰਾਂ ਅਰੁਣ ਕੁਮਾਰ, ਰਣਜੀਤ ਸਿੰਘ ਦੀ ਟੀਮ ਨੂੰ ਅੱਜ ਪੰਜਾਬ ਮੋਰਚੇ ਦੇ ਕਨਵੀਨਰ ਗੌਰਵ ਰਾਣਾ ਵੱਲੋਂ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇੱਥੇ ਗੱਲਬਾਤ ਕਰਦਿਆਂ ਗੌਰਵ ਰਾਣਾ ਨੇ ਕਿਹਾ ਕਿ ਇਹ ਮੁਹਿੰਮ ਆਪਣੇ ਆਪ ਦੇ ਵਿੱਚ ਵੱਡੇ ਹੌਸਲੇ ਦੀ ਉਡਾਨ ਹੈ। ਅੱਜ ਪੰਜਾਬ ਹਰਿਆਣਾ ਸਮੇਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਦੇ ਵਿੱਚ ਕੈਂਸਰ ਦੇ ਕੇਸ ਦਿਨ ਪ੍ਰਤੀ ਦਿਨ ਵਧ ਰਹੇ ਹਨ ਤੇ ਇਹਨਾਂ ਸਾਥੀਆਂ ਵੱਲੋਂ ਕੈਂਸਰ ਦੇ ਪ੍ਰਾਥਮਿਕ ਕਾਰਨਾਂ ਜਿਨਾਂ ਵਿੱਚ ਘਰਾਂ ਵਿੱਚ ਰੋਜ਼ ਵਰਤੀਆਂ ਜਾਣ ਵਾਲੀਆਂ ਸਬਜ਼ੀਆਂ, ਦਾਲਾਂ ਦੀ ਵਰਤੋਂ ਕਿੰਨੀ ਦੇਰ ਧੋਣ ਤੋਂ ਬਾਅਦ ਕਰਨੀ ਚਾਹੀਦੀ ਹੈ। ਸਮੇਤ ਕਈ ਮੁੱਖ ਬਿੰਦੂ ਹਨ ਜੋ ਕਿ ਕੈਂਸਰ ਨੂੰ ਰੋਕਣ ਵਿੱਚ ਲੋਕਾਂ ਲਈ ਸਹਾਈ ਹੋ ਸਕਦੇ ਹਨ। ਇਸ ਲਈ ਇਹਨਾਂ ਦੀ ਇਸ ਮੁਹਿੰਮ ਦੀ ਜਿੱਥੇ ਅਸੀਂ ਸ਼ਲਾਂਘਾ ਕਰਦੇ ਹਾਂ ਉੱਥੇ ਹੀ ਸੂਬੇ ਤੇ ਦੇਸ਼ ਭਰ ਦੇ ਲੋਕਾਂ ਨੂੰ ਇਹਨਾਂ ਦੀ ਮੁਹਿੰਮ ਨੂੰ ਵੱਧ ਚੜ ਕੇ ਪ੍ਰਫੁੱਲਤ ਕਰਨ ਦੀ ਅਪੀਲ ਵੀ ਕਰਦੇ ਹਾਂ। ਇੱਥੇ ਵਿਸ਼ੇਸ਼ ਰੂਪ ਚ ਹਾਜ਼ਰ ਹੋਏ ਜਨਰਲ ਸਕੱਤਰ ਮਨੁੱਖੀ ਅਧਿਕਾਰ ਬਿਊਰੋ ਇੰਟਰਨੈਸ਼ਨਲ ਡਾਕਟਰ ਦਵਿੰਦਰ ਬਜਾੜ ਨੇ ਕਿਹਾ ਇਸ ਪ੍ਰਕਾਰ ਦੀਆਂ ਮੁਹਿੰਮਾ ਨੂੰ ਚਲਾਉਣ ਦੀ ਸਖਤ ਲੋੜ ਹੈ। ਮੁਹਿੰਮ ਦੇ ਬਾਨੀ ਮੈਂਬਰਾਂ ਅਰੁਣ ਕੁਮਾਰ ਤੇ ਰਣਜੀਤ ਸਿੰਘ ਨੇ ਕਿਹਾ ਕਿ ਪਹਿਲੀ ਕੜੀ ਦੇ ਤਹਿਤ ਅਸੀਂ ਪੰਜਾਬ ਅਤੇ ਹਰਿਆਣਾ ਦੇ ਵੱਖ-ਵੱਖ ਪਿੰਡਾਂ ਦੇ ਵਿੱਚ ਜਾਗਰੂਕਤਾ ਮੁਹਿੰਮ ਚਲਾਵਾਂਗੇ। ਦੂਜੀ ਕੜੀ ਦੇ ਵਿੱਚ ਅਗਲੀਆਂ ਦੋ ਸਟੇਟਾਂ ਤੇ ਇਸੀ ਪ੍ਰਕਾਰ ਦੇ ਨਾਲ ਪੂਰੇ ਭਾਰਤ ਦੇ ਵੱਖ-ਵੱਖ ਰਾਜਾਂ ਦੇ ਵੱਖ ਵੱਖ ਪਿੰਡਾਂ ਨੂੰ ਜਾਗਰੂਕਤਾ ਮੁਹਿੰਮ ਦੇ ਤਹਿਤ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਉੱਥੇ ਰਾਣੂ ਬਾਂਸਲ, ਪੀਰ ਬਾਬਾ ਜਿੰਦਾ ਸ਼ਹੀਦ ਸਕੂਲ ਨੂਰਪੁਰ ਬੇਦੀ ਦੇ ਪ੍ਰਿੰਸੀਪਲ ਓੰਕਾਰ ਸਿੰਘ, ਅਜੇ ਕੁਮਾਰ ਕੱਦ, ਬੱਬੀ ਪਾਠਕ, ਵੀਰੂ ਸ਼ਰਮਾ,ਰੁਪਿੰਦਰ ਸਿੰਘ ਰੂਬੀ, ਅਦੀਸ ਕੁਮਾਰ, ਵੰਸ਼ ਕੁਮਾਰ ਹਰਪ੍ਰੀਤ ਸਿੰਘ ਕਾਲਾ, ਕ੍ਰਿਸ਼ਨ ਕੁਮਾਰ, ਭਜਨ ਲਾਲ ਪਰਮਜੀਤ ਸਿੰਘ ਸਮੇਤ ਕਈ ਨਗਰ ਨਿਵਾਸੀ ਮੌਜੂਦ ਸਨ।

## ਘੋਗਰਾ ਵਿਖੇ 0 ਤੋਂ 16 ਸਾਲ ਤੱਕ ਦੇ ਬੱਚਿਆਂ ਦਾ ਕੀਤਾ ਟੀਕਾਕਰਨ



ਦਸੂਹਾ, ਹੁਸ਼ਿਆਰਪੁਰ, 3 ਅਪ੍ਰੈਲ (ਬਲਵੀਰ ਸਿੰਘ ਸੈਣੀ)-ਅੱਜ ਸਿਵਲ ਸਰਜਨ ਹੁਸ਼ਿਆਰਪੁਰ ਡਾ: ਬਲਵਿੰਦਰ ਕੁਮਾਰ ਦੀਆਂ ਹਦਾਇਤਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਮੰਡ ਪੰਧੇਰ ਡਾ.ਐਸ.ਪੀ.ਸਿੰਘ ਦੀ ਦੇਖ-ਰੇਖ ਹੇਠ ਪ੍ਰਮੋਦ ਗਿੱਲ,ਪ੍ਰੋਮਿਲਾ ਕੁਮਾਰੀ ਐਲ .ਐਚ ਵੀ , ਸੁਰਿੰਦਰ ਕੌਰ ਏ.ਐਨ.ਐਮ ਅਤੇ ਸੀ.ਐਚ.ਓ ਮਮਤਾ ਨੰਗਲੂ ਸਮੇਤ ਟੀਮ ਨੇ ਘੋਗਰਾ ਵਿਖੇ 0 ਤੋਂ 16 ਸਾਲ ਤੱਕ ਦੇ ਬੱਚਿਆਂ ਦਾ ਟੀਕਾਕਰਨ ਕੀਤਾ। ਇਸ ਮੌਕੇ ਪ੍ਰਮੋਦ ਗਿੱਲ ਨੇ ਦੱਸਿਆ ਕਿ ਮਹੀਨੇ ਦੇ ਹਰ ਪਹਿਲੇ ਬੁੱਧਵਾਰ ਨੂੰ ਘੋਗਰਾ ਵਿਖੇ 0 ਤੋਂ 16 ਸਾਲ ਤੱਕ ਦੇ ਬੱਚਿਆਂ ਦਾ ਟੀਕਾਕਰਨ ਕੀਤਾ ਜਾਂਦਾ ਹੈ। ਇਸੇ ਲੜੀ ਤਹਿਤ ਅੱਜ ਘੋਘਰਾ ਵਿਖੇ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਕੀਤਾ ਗਿਆ। ਇਸ ਮੌਕੇ ਅਨੀਤਾ , ਜਗਦੀਪ ਕੌਰ ਅਤੇ ਕਾਂਤਾ ਆਸ਼ਾ ਵਰਕਰ ਹਾਜ਼ਰ ਸਨ।

# ਵਰ੍ਹੇਗੰਢ ਮੁਬਾਰਕ



ਗੁਰਪ੍ਰੀਤ ਸਿੰਘ ਅਤੇ ਰਜਵੰਤ ਕੌਰ ਨਿਵਾਸੀ ਰਸੂਲਪੁਰ (ਤਰਨ ਤਾਰਨ) ਨੂੰ ਵਿਆਹ ਦੀ ਵਰ੍ਹੇਗੰਢ ਦੀਆਂ ਸਟਿੰਗ ਆਪ੍ਰੇਸ਼ਨ ਦੀ ਟੀਮ ਵੱਲੋਂ ਵਧਾਈਆਂ।



ਅਜੇਪਾਲ ਸਿੰਘ ਅਤੇ ਨਵਦੀਪ ਕੌਰ ਨਿਵਾਸੀ ਸਰਹਾਲੀ ਕਲਾਂ ਨੂੰ ਵਿਆਹ ਦੀ ਵਰ੍ਹੇਗੰਢ ਦੀਆਂ ਸਟਿੰਗ ਆਪ੍ਰੇਸ਼ਨ ਦੀ ਟੀਮ ਵੱਲੋਂ ਵਧਾਈਆਂ।

### ਨਿਊ ਫਲਾਵਰਜ ਪਬਲਿਕ ਸੀ.ਸੈ. ਸਕੂਲ, ਅੰਮ੍ਰਿਤਸਰ ਦੇ ਵਿਦਿਆਰਥੀਆਂ ਨੇ

## ਪੰਜਾਬ ਸਕੂਲ ਸਿਖਿਆ ਬੋਰਡ ਦੀ 5ਵੀਂ ਜਮਾਤ ਦੀ ਪ੍ਰੀਖਿਆ 'ਚ ਮਾਰੀਆ ਮੱਲਾਂ

▪ ਨਿਊ ਫਲਾਵਰਜ ਪਬਲਿਕ ਸੀ. ਸੈ. ਸਕੂਲ ਦੇ ਸਮੂਹ ਸਟਾਫ ਦੀ ਮਿਹਨਤ ਸਦਕਾ ਹੀ ਸਕੂਲ ਦਾ ਨਾਮ ਰੋਸ਼ਨ ਹੋਇਆ • ਮਾਪੇ ਅਤੇ ਸਮੂਹ ਸਕੂਲ ਸਟਾਫ ਨੂੰ ਵਧੀਆ ਨਤੀਜਾ ਆਉਣ ਤੇ ਵਧਾਈ ਦਿੱਤੀ....





ਅੰਮ੍ਰਿਤਸਰ, 3 ਅਪ੍ਰੈਲ (ਹਰਪਾਲ ਸਿੰਘ ਭੰਗੂ)-ਪੰਜਾਬ ਸਕੂਲ ਸਿਖਿਆ ਬੋਰਡ ਵਲੋਂ ਪੰਜਵੀ ਦੇ ਨਤੀਜੇ ਦਾ ਐਲਾਨ ਕੀਤਾ ਗਿਆ। ਜਿਸ ਵਿਚ ਨਿਊ ਫਲਾਵਰਜ ਪਬਲਿਕ ਸੀ.ਸੈ. ਸਕੂਲ, ਅੰਮ੍ਰਿਤਸਰ ਦੀ ਵਿਦਿਆਰਥਣ ਮਹਿਕਪ੍ਰੀਤ ਕੌਰ ਪੁੱਤਰੀ ਸ. ਜਤਿੰਦਰ ਸਿੰਘ ਪੰਜਵੀਂ ਦੀ ਪ੍ਰੀਖਿਆ ਵਿਚੋਂ 99% ਲੈ ਕੇ ਅਵੱਲ ਸਥਾਨ ਹਾਂਸਲ ਕੀਤਾ ਹੈ ਅਤੇ ਸਕੂਲ ਦੇ ਪੰਜਵੀ ਪ੍ਰੀਖਿਆ ਨਤੀਜੇ ਦੇ ਬਾਕੀ ਵਿਦਿਆਰਥੀਆ ਨੇ ਚੰਗੇ ਨੰਬਰ ਲੈ ਕੇ ਮੱਲਾ ਮਾਰੀਆਂ ਹਨ। ਕੁਲ ਹਾਜਰ ਵਿਦਿਆਰਥੀ 94 ਸਨ। ਜਿਨਾਂ ਵਿਚੋਂ ਇਕ ਵਿਦਿਆਰਥਣ ਮਹਿਕਪ੍ਰੀਤ ਕੌਰ ਨੇ 99% ਹਾਂਸਲ ਕੀਤੇ ਹਨ। ਜਦਕਿ ਇਕ ਵਿਦਿਆਰਥਣ ਖੁਸ਼ਪ੍ਰੀਤ ਕੌਰ ਨੇ 96.4% ਲੈ ਕੇ ਦੂਜਾ ਸਥਾਨ ਹਾਂਸਲ ਕੀਤਾ ਹੈ। ਗੁਰਲੀਨ ਕੌਰ ਅਤੇ ਬੁਸਰਾ ਖਾਨ ਨੇ 96% ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। 94 ਵਿਦਿਆਰਥੀਆਂ ਵਿਚੋਂ 61 ਬੱਚਿਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ। ਪੰਜਵੀਂ ਦਾ ਨਤੀਜਾ ਵਧੀਆਂ ਆਉਣ ਤੇ ਚੇਅਰਮੈਨ ਸ.ਹਰਪਾਲ ਸਿੰਘ ਯੂ.ਕੇ.ਅਤੇ ਪ੍ਰਿੰਸੀਪਲ ਸ੍ਰੀਮਤੀ ਕੁਲਵਿੰਦਰ ਕੌਰ ਜੀ ਨੇ ਸਮੂਹ ਵਿਦਿਆਰਥੀਆ ਅਤੇ ਉਹਨਾਂ ਦੇ ਮਾਪੇ ਅਤੇ ਸਮੂਹ ਸਕੂਲ ਸਟਾਫ ਨੂੰ ਵਧੀਆ ਨਤੀਜਾ ਆਉਣ ਤੇ ਵਧਾਈ ਦਿੱਤੀ। ਇਸਦਾ ਸੇਹਰਾ ਸਕੂਲ ਸਟਾਫ ਦੇ ਅਧਿਆਪਕਾਂ ਨੂੰ ਜਾਂਦਾ ਹੈ ਅਤੇ ਉਸ ਮਾਤਾ-ਪਿਤਾ ਨੂੰ ਜਾਂਦਾ ਹੈ ।ਇਹਨਾਂ ਸਭ ਦੇ ਮਿਹਨਤ ਸਦਕਾ ਹੀ ਵਿਦਿਆਰਥੀਆਂ ਨੇ ਇਹ ਉਪਲਬੱਧੀ ਹਾਸਲ ਕੀਤੀ ਹੈ।

### ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਬਤੌਰ ਸੇਵਾਦਾਰ ਰਿਟਾਇਰ ਹੋਏ

## ਭਾਈ ਪਰਮਜੀਤ ਸਿੰਘ ਕੋਟ ਧਰਮ ਚੰਦ ਕਲਾਂ ਦਾ ਸਨਮਾਨ





ਸਰਾਏ ਅਮਾਨਤ ਖਾਂ, 3 ਅਪ੍ਰੈਲ ( ਗੁਰਬੀਰ ਸਿੰਘ ਗੰਡੀਵਿੰਡ)- ਅੱਜ ਮਾਝੇ ਦੇ ਇਤਿਹਾਸਕ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਬਤੌਰ ਸੇਵਾਦਾਰ ਰਿਟਾਇਰ ਹੋਏ ਭਾਈ ਪ੍ਰਮਜੀਤ ਸਿੰਘ ਕੋਟ ਰਿਟਾਇਰ ਹੋਣ ਤੇ ਗੁਰੂ ਮਹਾਰਾਜ ਦੀ ਬਖਸ਼ਿਸ਼ ਸਿਰੋਪਾਓ ਤੇ ਬਾਬਾ ਬੁੱਢਾ ਸਾਹਿਬ ਫੋਟੋ ਦੇ ਕੇ ਸਨਮਾਨਿਤ ਕਰਦੇ ਹੋਏ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਦੇ ਮੈਨੇਜਰ ਰਾਜਿੰਦਰ ਸਿੰਘ ਟੌਹੜਾ ਤੇ ਹੈਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ ਨੇ ਕਿਹਾ ਕਿ ਭਾਈ ਪ੍ਰਮਜੀਤ ਸਿੰਘ ਭਾਗਾਂ ਵਾਲੇ ਜਿਨ੍ਹਾਂ ਨੂੰ ਇਸ ਅਸਥਾਨ ਤੇ ਸੇਵਾ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਕਿਹਾ ਕਿ ਭਾਈ ਸਾਹਿਬ ਨੇ ਬਹੁਤ ਲਗਨ ਮਿਹਨਤ ਨਾਲ ਸੇਵਾ ਕੀਤੀ। ਇਸ ਮੌਕੇ ਹਰਵਿੰਦਰ ਸਿੰਘ,ਚੰਦਨ ਖੁੱਲਰ, ਰਜਿੰਦਰ ਖੁੱਲਰ, ਰਿਕਾਰਡ ਕੀਪਰ ਜਸਪਾਲ ਸਿੰਘ ਨੌਸ਼ਹਿਰਾ ਢਾਲਾ, ਰਿਕਾਰਡ ਕੀਪਰ ਬਿਕਰਮਜੀਤ ਸਿੰਘ, ਰਿਕਾਰਡ ਕੀਪਰ ਗੁਰਜੀਤ ਸਿੰਘ, ਕਲਰਕ ਗੁਰਭਾਗ ਸਿੰਘ, ਇੰਚਾਰਜ ਅਖੰਡ ਪਾਠ ਨਿਰਮਲ ਸਿੰਘ, ਗੁਰਵਿੰਦਰ ਸਿੰਘ ਬਿੱਟੂ,ਜਬਰਜੀਤ ਸਿੰਘ, ਜਸਵੰਤ ਸਿੰਘ ਸੁਰਸਿੰਘ, ਗੁਰਜੰਟ ਸਿੰਘ ਝਬਾਲ, ਅਮਰਜੀਤ ਸਿੰਘ ਝਬਾਲ, ਰਣਜੀਤ ਸਿੰਘ ਮੱਜੂਪੁਰ, ਨਿਸ਼ਾਨ ਸਿੰਘ ਭੁੱਚਰ, ਜਸਵਿੰਦਰ ਸਿੰਘ ਗੁਲਾਲੀਪੁਰ, ਦਲਜੀਤ ਸਿੰਘ ਵਲਟੋਹਾ ਨੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ।

### ਖੰਨਾ ਦੇ ਅਮਲੋਹ ਰੋਡ ਸਬਜੀ ਮੰਡੀ ਦੇ ਠੇਕੇਦਾਰ ਖਿਲਾਫ਼

## ਰੇਹੜੀ ਫੜੀ ਦੁਕਾਨਦਾਰਾਂ ਨੇ ਕੀਤਾ ਜ਼ੋਰਦਾਰ ਰੋਸ ਪ੍ਰਦਰਸ਼ਨ





ਖੰਨਾ, 3 ਅਪ੍ਰੈਲ (ਓਮਕਾਰ ਸਿੰਘ ਸੱਤੂ)-ਖੰਨਾ ਦੇ ਅਮਲੋਹ ਰੋਡ ਸਬਜੀ ਮੰਡੀ ਦੇ ਨਵੇਂ ਠੇਕੇਦਾਰ ਖਿਲਾਫ਼ ਰੇਹੜੀ ਫੜੀ , ਦੂਕਾਨਦਾਰਾਂ ਨੇ ਕੀਤਾ ਜ਼ੋਰਦਾਰ ਰੋਸ ਪ੍ਰਦਰਸ਼ਨ ਪ੍ਰਦਰਸ਼ਨਕਾਰੀਆਂ ਦਾ ਦੋਸ਼ ਕਿ 10,10 ਬਾਊਂਸਰ ਨਾਲ ਲੈਕੇ ਦੁਕਾਨਦਾਰਾਂ, ਗਰੀਬ ਰੇਹੜੀ ਫੜ੍ਹੀ ਵਾਲਿਆਂ, ਰਿਕਸ਼ਾ ਵਾਲੀਆਂ ਨੂੰ ਠੇਕੇਦਾਰ ਧਮਕੀਆਂ ਦੇ ਰਿਹਾ ਇਸ ਸਬੰਧੀ ਭੜਕੇ ਦੁਕਾਨਦਾਰਾਂ , ਰੇਹੜੀਆਂ ,ਫੜ੍ਹੀਆਂ ਨੇ ਗੁੱਸੇ ਚ ਆਕੇ ਠੇਕੇਦਾਰ ਖਿਲਾਫ਼ ਜੋਰਦਾਰ ਰੋਸ ਪ੍ਰਦਰਸ਼ਨ ਕਰਦੇ ਹੋਏ ਮੁਰਦਾਬਾਦ ਦੇ ਨਾਅਰੇ ਲਾਏ ਉਹਨਾਂ ਦੀ ਮੰਗ ਅਸੀਂ ਠੇਕੇਦਾਰ ਦਾ ਠੇਕਾ ਕੈਂਸਲ ਕਰਵਾਉਣਾ ਹੈ ਅਤੇ ਦਿੱਤੀ ਧਮਕੀ ਅਗਰ ਸਾਡੀ ਕੋਈ ਸੁਣਵਾਈ ਨਹੀਂ ਹੋਈ ਤਾਂ ਅਸੀਂ ਹੜਤਾਲ ਤੇ ਚਲੇ ਜਾਂਵਾਂਗੇ। ਦੂਜੇ ਪਾਸੇ ਮਾਰਕੀਟ ਕਮੇਟੀ ਦੇ ਸੈਕਟਰੀ ਮਨਜਿੰਦਰ ਸਿੰਘ ਦਾ ਕਹਿਣਾ ਕਿ ਉਹਨਾਂ ਰੇਹੜੀ ਫੜੀ ਵਾਲਿਆਂ, ਦੁਕਾਨਦਾਰਾਂ, ਦੀ ਕੱਲ ਠੇਕੇਦਾਰ ਨਾਲ ਬਿਠਾ ਕੇ ਸਬਜ਼ੀ ਮੰਡੀ ਦੇ ਪ੍ਰਧਾਨ ਦੀ ਦੁਕਾਨ ਤੇ ਮੀਟਿੰਗ ਕਰਵਾ ਦਿੱਤੀ ਸੀ ਅਤੇ ਹੁਣ ਦੁਬਾਰਾ ਫਿਰ ਇਹਨਾ ਦੀ ਮੀਟਿੰਗ ਕਰਵਾ ਕੇ ਸਾਰਾ ਮਸਲਾ ਹੱਲ ਕਰਵਾ ਦਿੱਤਾ ਜਾਏਗਾ। ਇਸ ਮਾਮਲੇ ਤੇ ਸਬਜ਼ੀ ਮੰਡੀ ਦੇ ਠੇਕੇਦਾਰ ਨੇ ਕੈਮਰੇ ਦੇ ਅੱਗੇ ਆਉਣ ਤੋਂ ਕੀਤਾ ਇੰਨਕਾਰ ਕਿਹਾ ਕਿ ਮੈਂ ਤਾਂ ਸਿਰਫ 50 ਰੁਪਏ ਲੈਣ ਦੀ ਗੱਲ ਕਹੀ ਸੀ ਉਹ ਜੋ ਵੀ ਦੋਸ਼ ਲਗਾ ਰਹੇ ਨੇ ਸਭ ਬੇ ਬੁਨਯਾਦ ਹਨ ਝੂਠੇ ਹਨ ।





## ਇੱਕ ਨਜ਼ਰ



### ਲੋਕਲ ਬਾਡੀ ਸੈਲ ਬੀ.ਜੇ.ਪੀ. ਦੀ ਹੋਈ ਮੀਟਿੰਗ

ਹੁਸ਼ਿਆਰਪੁਰ, 3 ਅਪ੍ਰੈਲ (ਬਲਵੀਰ ਸਿੰਘ ਸੈਣੀ)- ਮੁਹੱਲਾ ਨੀਲਕੰਠ ਵਿਖੇ ਸਾਬਕਾ ਮੰਤਰੀ ਤੀਕਸ਼ਨ ਸੂਦ, ਸਾਬਕਾ ਮੇਅਰ ਸ਼ਿਵ ਸੂਦ ਅਤੇ ਜਨਰਲ ਸਕੱਤਰ ਬੀ.ਜੇ.ਪੀ. ਸੁਰੇਸ਼ ਭਾਟੀਆ ਲੋਕਲ ਬਾਡੀ ਸੈਲ ਬੀ.ਜੇ.ਪੀ. ਦੀ ਮੀਟਿੰਗ ਵਿੱਚ ਪੁੱਜੇ। ਇਸ ਮੌਕੇ ਤੇ ਲੋਕਲ ਬਾਡੀ ਸੈਲ ਪੰਜਾਬ ਦੇ ਵਾਈਸ ਪ੍ਰਧਾਨ ਕਰਮਵੀਰ ਬਾਲੀ ਦੀ ਪ੍ਰਧਾਨਗੀ ਵਿੱਚ ਉਨਾਂ ਦਾ ਸਵਾਗਤ ਕੀਤਾ ਗਿਆ। ਮੀਟਿੰਗ ਦਾ ਵਿਸ਼ਾ ਸੀ ਇਸ ਵਾਰ 400 ਪਾਰ ਅਤੇ ਆਪਣਾ ਇਕ-ਇਕ ਕੀਮਤੀ ਵੋਟ ਦੇਸ਼ ਦੇ ਪ੍ਰਧਾਨਮੰਤਰੀ ਨਰਿੰਦਰ ਮੋਦੀ ਦੇ ਪੱਖ ਵਿੱਚ ਪਾ ਕੇ ਉਨਾਂ ਦੇ ਹੱਥਾਂ ਨੂੰ ਮਜ਼ਬੂਤ ਕਰਨਾ ਸੀ। ਇਸ ਮੌਕੇ ਤੇ ਵਾਰਡ ਨੰਬਰ 50 ਦੇ ਪ੍ਰਧਾਨ ਵਿਜੈ ਕੁਮਾਰ ਨੂੰ ਫੁਲਾਂ ਦਾ ਮਾਲਾ ਪਹਿਨਾ ਕੇ ਸਵਾਗਤ ਕੀਤਾ ਗਿਆ। ਮੀਟਿੰਗ ਨੂੰ ਸਾਬਕਾ ਮੰਤਰੀ ਤੀਕਸ਼ਨ ਸੂਦ ਨੇ ਸੰਬੋਧਨ ਕਰਦਿਆਂ ਹੋਏ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਦੇ ਕ੍ਰਾਂਤੀਕਾਰੀ ਫੈਸਲਿਆਂ ਨੇ ਦੁਨੀਆਂ ਵਿੱਚ ਭਾਰਤ ਨੂੰ ਮਸ਼ਹੂਰ ਕੀਤਾ ਹੈ। ਇਸ ਮੌਕੇ ਤੇ ਕਰਮਵੀਰ ਬਾਲੀ ਨੇ ਕਿਹਾ ਕਿ ਵੋਟ ਦਾ ਅਧਿਕਾਰ ਸਾਰਿਆਂ ਨੂੰ ਇਕੋ ਜਿਹਾ ਹੈ।ਵੋਟ ਪਾਉਣ ਤੋਂ ਪਹਿਲਾਂ ਲਾਲਚ ਵਿੱਚ ਨਾ ਆਓ। ਵੋਟ ਮੇਹਨਤੀ, ਇਮਾਨਦਾਰ ਅਤੇ ਜਨਤਾ ਦੇ ਸੇਵਕ ਨੂੰ ਹੀ ਪਾਓ। ਇਸ ਮੌਕੇ ਤੇ ਨਵਲ ਕਿਸ਼ੋਰ ਕਾਲੀਆ, ਨਰਿੰਦਰ ਸਿੰਘ, ਨਰੇਸ਼ ਕੁਮਾਰ, ਪ੍ਰਵੀਨ ਕੁਮਾਰੀ, ਬਲਵੀਰ ਕੌਰ, ਸੀਮਾ ਰਾਣੀ, ਭੋਲਾ ਰਾਣੀ, ਡਾ:ਪ੍ਰਵੀਨ ਕੁਮਾਰ, ਯਕੁਬ ਆਦਿ ਹਾਜ਼ਰ ਸਨ।

### ਖਾਣ ਪੀਣ ਵਾਲੀਆਂ ਨਕਲੀ ਵਸਤੂਆਂ ਖਾਣ ਦੇ ਕਾਰਨ ਕਈ ਲੋਕ ਭਿਆਨਕ ਬਿਮਾਰੀਆਂ ਨਾਲ ਝੂਜ਼ ਰਹੇ ਹਨ : ਬੇਗਮਪੁਰਾ ਟਾਇਗਰ ਫੋਰਸ

### ਕੀ ਸਾਡੇ ਦੇਸ਼ ਵਿੱਚ ਸੁਤੰਤਰਤਾ ਸੈਨਾਨੀਆਂ ਨੇ ਇਹੋ ਜਿਹੇ ਲੋਕਤੰਤਰ ਦਾ ਹੀ ਸੁਪਨਾ ਲਿਆ ਸੀ : ਦੋਆਬਾ ਪ੍ਰਧਾਨ ਨੇਕੂ ਅਜਨੋਹਾ

ਹੁਸ਼ਿਆਰਪੁਰ, 3 ਅਪ੍ਰੈਲ (ਬਲਵੀਰ ਸਿੰਘ ਸੈਣੀ)- ਬੇਗਮਪੁਰਾ ਟਾਈਗਰ ਫੋਰਸ ਦੇ ਦੁਆਬਾ ਪ੍ਰਧਾਨ ਨੇਕੂ ਅਜਨੋਹਾ ਨੇ ਇੱਕ ਮੁਲਾਕਾਤ ਦੌਰਾਨ ਪੱਤਰਕਾਰਾ ਨਾਲ ਗੱਲਬਾਤ ਕਰਦਿਆ ਦੱਸਿਆ ਕਿ ਦੇਸ਼ ਵਿੱਚ ਅਨਾਜ ਖਾਣ ਪੀਣ ਵਾਲੀਆਂ ਵਸਤੂਆਂ ਦੁੱਧ ਦਹੀ ਫਲ ਸਬਜ਼ੀਆਂ ਕਣਕ ਚਾਵਲ ਦਾਲਾਂ ਆਦਿ ਖਾਂਣ ਪੀਣ ਵਾਲੇ ਵੱਖ-ਵੱਖ ਤਰ੍ਹਾਂ ਦੇ ਖਣਿਜ ਪਦਾਰਥ ਅਤੇ ਬਾਜ਼ਾਰਾਂ ਵਿੱਚ ਬਣਾਈਆਂ ਜਾਣ ਵਾਲੀਆਂ ਮਠਿਆਈਆਂ ਤਰਾਂ ਤਰਾਂ ਦੇ ਤਲੇ ਹੋਏ ਪਕਵਾਨ ਜੋ ਰੋਜਮਰਾ ਦੀ ਜ਼ਿੰਦਗੀ ਵਿੱਚ ਲੋਕੀ ਖਾਂਦੇ ਹਨ ਕਿਉਕਿ ਜਿਉਂਦੇ ਰਹਿਣ ਲਈ ਭੋਜਨ ਜਰੂਰੀ ਹੈ ਇਹਨਾਂ ਚੀਜ਼ਾਂ ਵਿੱਚ ਮਿਲਾਵਟ ਕਰਨ ਵਾਲੇ ਲੋਕ ਬੇਖੌਫ ਮਿਲਾਵਟ ਕਰਕੇ ਬਾਜ਼ਾਰਾਂ ਵਿੱਚ ਆਪਣਾ ਸਮਾਨ ਵੇਚ ਰਹੇ ਹਨ ਜਿਹੜੇ ਕਿ ਪ੍ਰਸ਼ਾਸਨਿਕ ਅਧਿਕਾਰੀਆਂ ਕਰਮਚਾਰੀਆਂ ਦੀ ਡਿਊਟੀ ਇਹਨਾਂ ਚੀਜ਼ਾਂ ਨੂੰ ਚੈੱਕ ਕਰਨ ਦੀ ਬਣਦੀ ਹੈ ਉਹ ਕੁੰਭਕਰਨੀ ਨੀਂਦੇ ਸੁੱਤੇ ਪਏ ਹਨ ਮਿਲਾਵਟ ਖੋਰ ਨਕਲੀ ਸ਼ਰਾਬ ਨਕਲੀ ਦੁੱਧ ਨਕਲੀ ਕੋਲ ਡਰਿੰਕ ਆਦਿ ਬਣਾ ਕੇ ਵੇਚ ਰਹੇ ਹਨ ਜਿਨਾਂ ਨੂੰ ਖਾ ਪੀ ਕੇ ਦੇਸ਼ ਦੇ ਲੋਕ ਆਪਣੀਆਂ ਕੀਮਤੀ ਜਾਨਾਂ ਗੁਆ ਰਹੇ ਹਨ ਅਤੇ ਇਹਨਾਂ ਨਕਲੀ ਖਾਣ ਪੀਣ ਵਾਲੀਆਂ ਵਸਤੂਆਂ ਦੇ ਕਾਰਨ ਭਿਆਨਕ ਬਿਮਾਰੀਆਂ ਦੇ ਨਾਲ ਦੇਸ਼ ਦੇ ਕਰੋੜਾਂ ਲੋਕ ਹਸਪਤਾਲਾਂ ਵਿੱਚ ਦਾਖਲ ਹਨ। ਅੱਜ ਕੱਲ ਸਾਡੇ ਦੇਸ਼ ਵਿੱਚ ਪ੍ਰਾਈਵੇਟ ਹਸਪਤਾਲ ਦੀ ਭਰਮਾਰ ਹੈ ਜਿੱਥੇ ਕਿ ਡਾਕਟਰ ਆਪਣੀ ਮਨ ਮਰਜ਼ੀ ਨਾਲ ਮਰੀਜ਼ਾ ਕੋਲੋ ਫੀਸਾਂ ਚਾਰਜ ਕਰਦੇ ਹਨ ਕੀ ਸਾਡੇ ਦੇਸ਼ ਵਿੱਚ ਸੁਤੰਤਰਤਾ ਸੈਨਾਨੀਆਂ ਨੇ ਇਹੋ ਜਿਹੇ ਲੋਕਤੰਤਰ ਦਾ ਹੀ ਸੁਪਨਾ ਲਿਆ ਸੀ ਇਹ ਲੋਕਤੰਤਰ ਹੈ ਜਾਂ ਪ੍ਰਾਈਵੇਟ ਡਾਨ ਮਾਫੀਆ ਦਾ ਰਾਜ ਹੈ ਉਹਨਾਂ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰਾਂ ਇਸ ਦਿਸ਼ਾ ਵੱਲ ਸੰਜੀਦਗੀ ਨਾਲ ਧਿਆਨ ਦੇਣ ਨਹੀਂ ਤਾਂ 100%ਪ੍ਰਤੀਸ਼ਤ ਨੌਜਵਾਨਾਂ ਦੀ ਜਗ੍ਹਾ 100% ਬੀਮਾਰ ਮਰੀਜ਼ਾਂ ਦਾ ਦੇਸ਼ ਬਣ ਜਾਵੇਗਾ । ਫਿਰ ਹੱਥ ਪੱਲੇ ਕੁਝ ਨਹੀਂ ਰਹਿਣਾ "ਕਹੀ ਐਸਾ ਨਾ ਹੋ ਫਿਰ ਪਛਤਾਏ ਤੋ ਕਿਆ ਪਛਤਾਏ ਜਬ ਚਿੜੀਆ ਚੁਗ ਗਈ ਖੇਤ" ਕੇਂਦਰ ਅਤੇ ਰਾਜ ਸਰਕਾਰਾਂ ਨਕਲੀ ਸਮਾਨ ਬਣਾਉਣ ਅਤੇ ਵੇਚਣ ਵਾਲੇ ਦੇਸ਼ ਦ੍ਰੋਹੀ ਲੋਕਾਂ ਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕਰਕੇ ਉਹਨਾਂ ਨੂੰ ਬਣਦੀਆਂ ਵੱਧ ਤੋਂ ਵੱਧ ਸਜਾਵਾਂ ਦਿਵਾਉਣ ਤਾਂ ਜੋ ਦੇਸ਼ ਦੇ ਲੋਕਾਂ ਨੂੰ ਖਾਣ ਪੀਣ ਵਾਲੇ ਮਿੱਠੇ ਜਹਿਰ ਤੋਂ ਬਚਾਇਆ ਜਾ ਸਕੇ।





## ਜਨਮ ਦਿਨ ਮੁਬਾਰਕ

ਤਕਦੀਰ ਕੌਰ ਪੁੱਤਰੀ ਹਰਪ੍ਰੀਤ ਸਿੰਘ ਅਤੇ ਮਾਤਾ ਰਾਜਵਿੰਦਰ ਕੌਰ ਨਿਵਾਸੀ ਗਲੀ ਨੰ. 9 ਦਸਮੇਸ ਨਗਰ ਡਾਗਨਾ ਰੋਡ ਹੁਸ਼ਿਆਰਪੁਰ ਨੂੰ ਜਨਮਦਿਨ ਦੀਆਂ ਸਟਿੰਗ ਆਪ੍ਰੇਸ਼ਨ ਦੀ ਟੀਮ ਵੱਲੋਂ ਵਧਾਈਆਂ

### ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ

## ਕੈਬਨਿਟ ਮੰਤਰੀ ਮੀਤ ਹੇਅਰ ਦੀ ਕੋਠੀ ਅੱਗੇ ਅਣਮਿਥੇ ਸਮੇਂ ਲਈ ਧਰਨਾ ਆਰੰਭ

**ਆਗੂਆਂ ਨੇ ਸਟੇਜ ਤੋਂ ਐਲਾਨ ਕੀਤਾ ਕਿ ਜਦੋਂ ਤੱਕ ਜਹਾਂਗੀਰ ਦੇ ਕਿਸਾਨ ਗੁਰਚਰਨ ਸਿੰਘ ਦੀ ਜ਼ਮੀਨ ਦਾ ਮਸਲਾ ਹੱਲ ਨਹੀਂ ਹੋ ਜਾਂਦਾ ਉਦੋਂ ਤੱਕ ਕੈਬਨਿਟ ਮੰਤਰੀ ਮੀਤ ਹੇਅਰ ਨੂੰ ਪਿੰਡ ਵਿੱਚ ਨਹੀਂ ਵੜਨ ਦਿੱਤਾ ਜਾਵੇਗਾ.....**



ਬਰਨਾਲਾ, 3 ਅਪ੍ਰੈਲ (ਰਾਜਿੰਦਰ ਸ਼ਰਮਾ)-ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਸੂਬਾ ਪੱਧਰੀ ਸੱਦੇ ਤੇ ਕੈਬਨਿਟ ਮੰਤਰੀ ਮੀਤ ਹੇਅਰ ਦੀ ਕੋਠੀ ਅੱਗੇ ਅਣਮਿੱਥੇ ਸਮੇਂ ਲਈ ਮੋਰਚਾ ਲਗਾ ਦਿੱਤਾ ਗਿਆ ਹੈ।2 ਅਪ੍ਰੈਲ ਨੂੰ ਮੀਤ ਹੇਅਰ ਵੱਲੋਂ ਜੋ ਪਿੰਡ ਜਹਾਂਗੀਰ ਗੁਰਚਰਨ ਸਿੰਘ ਪੁੱਤਰ ਹਜੂਰਾ ਸਿੰਘ ਦਾ ਜ਼ਮੀਨੀ ਮਸਲਾ ਚੱਲ ਰਿਹਾ ਹੈ। ਉਸ ਸਬੰਧੀ 3 ਅਪ੍ਰੈਲ ਨੂੰ ਸਵੇਰੇ 9 ਵਜੇ ਮੀਟਿੰਗ ਕਰਨ ਦਾ ਟਾਈਮ ਦਿੱਤਾ ਗਿਆ ਸੀ ਪਰ ਇਸ ਮੀਟਿੰਗ ਨੂੰ ਅਣਗੌਲਿਆਂ ਕਰਕੇ ਬਿਨਾਂ ਦੱਸੇ ਚੰਡੀਗੜ੍ਹ ਚਲਾ ਗਿਆ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਕਮੇਟੀ ਦੇ 5 ਆਗੂ ਸਵੇਰੇ 9 ਵਜੇ ਪਹੁੰਚ ਗਏ। ਪਤਾ ਕੀਤਾ ਤਾਂ ਮੀਤ ਹੇਅਰ ਘਰ ਨਹੀਂ ਜਵਾਬ ਮਿਲਿਆ। ਉਸ ਦੇ ਰੋਸ਼ ਵਜੋਂ ਅੱਜ ਤੋਂ ਹੀ ਆਪ ਆਦਮੀ ਪਾਰਟੀ ਦੇ ਕੈਬਨਿਟ ਮੰਤਰੀ ਮੀਤ ਹੇਅਰ ਦੀ ਕੋਠੀ ਅੱਗੇ ਮੋਰਚਾ ਲਗਾ ਦਿੱਤਾ ਗਿਆ ਹੈ। ਇਹ ਮੋਰਚਾ ਉਦੋਂ ਤੱਕ ਚੱਲੇਗਾ ਜਦੋਂ ਤੱਕ ਪਿੰਡ ਜਹਾਂਗੀਰ ਦੇ ਕਿਸਾਨ ਦੀ ਜ਼ਮੀਨ ਦਾ ਮਸਲਾ ਹੱਲ ਨਹੀਂ ਹੋ ਜਾਂਦਾ। ਗੁਰਚਰਨ ਪੁੱਤਰ ਹਜੂਰਾ ਨੇ ਸਾਬਕਾ ਸਰਪੰਚ ਗੁਰਚਰਨ ਸਿੰਘ ਪੁੱਤਰ ਸਰੂਪ ਸਿੰਘ ਤੋਂ ਤਿੰਨ ਲੱਖ ਪੰਜਾਹ ਹਜ਼ਾਰ ਪਰੋਨੋਟ ਤੇ ਲਏ ਸਨ ਪੈਸਿਆਂ ਦੀ ਹੋਰ ਲੋੜ ਪੈਣ ਕਾਰਨ ਗੁਰਚਰਨ ਸਿੰਘ ਪੁੱਤਰ ਹਜੂਰਾ ਸਿੰਘ ਨੇ ਚਾਰ ਲੱਖ ਹੋਰ ਲੈ ਲੈਏ ਕੁੱਲ ਸੱਤ ਲੱਖ ਪੰਜਾਹ ਹਜ਼ਾਰ ਰੁਪਏ ਬਣ ਗਏ ਤੇ 16 ਵਿੱਘੇ ਜ਼ਮੀਨ ਦਾ ਇਕਰਾਰਨਾਮਾ ਲਿਖ ਲਿਆ ਕਿਹਾ ਕਿ ਜਦੋਂ ਤੂੰ ਮੈਨੂੰ ਪੈਸੇ ਵਾਪਸ ਕਰੇਂਗਾ ਤਾਂ ਇਕਰਾਰਨਾਮਾ ਪਾੜ ਦਿੱਤਾ ਜਾਵੇਗਾ। ਅਤੇ ਜਦੋ ਗੁਰਚਰਨ ਸਿੰਘ ਪੁੱਤਰ ਹਜੂਰਾ ਸਿੰਘ ਨੇ ਪਿਛਲਾ ਤਿੰਨ ਲੱਖ ਪੰਜਾਹ ਹਜ਼ਾਰ ਵਾਲਾ ਪਰੋਨੋਟ ਮੰਗਿਆ ਤਾ ਸਰਪੰਚ ਗੁਰਚਰਨ ਨੇ ਕਿਹਾ ਕਿ ਪਰੋਨੋਟ ਮੈ ਘਰ ਜਾਕੇ ਫੂਕ ਦੇਵਾਂਗਾ। ਜਦੋਂ ਪੀੜਤ ਗੁਰਚਰਨ ਸਿੰਘ ਨੇ ਮਿਆਦ ਪੂਰੀ ਹੋਣ ਤੇ ਪੈਸੇ ਸਮੇਤ ਵਿਆਜ਼ ਦੇਣ ਲਈ ਸਾਬਕਾ ਸਰਪੰਚ ਦੇ ਘਰ ਗਿਆ ਤਾਂ ਸਾਬਕਾ ਸਰਪੰਚ ਗੁਰਚਰਨ ਸਿੰਘ ਨੇ ਕਿਹਾ ਕਿ ਮੈਂ ਤਾਂ ਜ਼ਮੀਨ ਦਾ ਇਕਰਾਰਨਾਮਾ ਕੀਤਾ ਹੈ ਤੇ ਜ਼ਮੀਨ ਹੀ ਲਵਾਂਗਾ। ਸਾਬਕਾ ਸਰਪੰਚ ਗੁਰਚਰਨ ਸਿੰਘ ਕੋਰਟ ਰਾਹੀਂ ਜ਼ਮੀਨ ਆਪਣੇ ਨਾਂ ਕਰਵਾ ਲਈ। ਹੈਰਾਨੀ ਦੀ ਗੱਲ ਇਹ ਹੈ ਕਿ ਜ਼ਮੀਨ ਉਪਰ ਏ,ਡੀ,ਏ,ਬੀ, ਧੂਰੀ ਬ੍ਰਾਂਚ ਦਾ ਲੋਨ ਸੀ। ਜਦੋਂ ਪੀੜਤ ਕਿਸਾਨ ਗੁਰਚਰਨ ਸਿੰਘ ਨੇ ਹਾਈਕੋਰਟ ਕੇਸ਼ ਦਾਇਰ ਕੀਤਾ ਤਾ ਹਾਈਕੋਰਟ ਨੇ ਪੀੜਤ ਗੁਰਚਰਨ ਸਿੰਘ ਤੋ ਸਮੇਤ ਵਿਆਜ਼ ਜਮਾਂ ਕਰਵਾ ਲੈਏ ਗਏ। ਤੇ ਜ਼ਮੀਨ ਤੇ ਸਟੇ ਕਰ ਦਿੱਤੀ ਗਈ। ਹੈਰਾਨੀ ਦੀ ਗੱਲ ਇਹ ਹੈ ਕਿ ਸਟੇ ਹੋਣ ਦੇ ਬਾਵਜੂਦ ਇੰਤਕਾਲ ਕਿਵੇਂ ਕਰਵਾ ਲਿਆ ਗਿਆ।ਜੋ ਬਿੱਲਕੁਲ ਗੈਰਕਾਨੂੰਨੀ ਹੈ। ਆਗੂਆਂ ਨੇ ਸਟੇਜ ਤੋਂ ਐਲਾਨ ਕੀਤਾ ਕਿ ਜਦੋਂ ਤੱਕ ਜਹਾਂਗੀਰ ਦੇ ਕਿਸਾਨ ਗੁਰਚਰਨ ਸਿੰਘ ਦੀ ਜ਼ਮੀਨ ਦਾ ਮਸਲਾ ਹੱਲ ਨਹੀਂ ਹੋ ਜਾਂਦਾ ਉਦੋਂ ਤੱਕ ਕੈਬਨਿਟ ਮੰਤਰੀ ਮੀਤ ਹੇਅਰ ਨੂੰ ਪਿੰਡ ਵਿੱਚ ਨਹੀਂ ਵੜਨ ਦਿੱਤਾ ਜਾਵੇਗਾ। ਸੂਬਾ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਪ੍ਰਚਾਰਕ ਸਕੱਤਰ ਜਗਤਾਰ ਸਿੰਘ ਕਾਲਾ ਝਾੜ ਸਗੱਠਨ ਸਕੱਤਰ ਸ਼ਿਗਾਰਾ ਸਿੰਘ ਮਾਨ ਮੀਤ ਪ੍ਰਧਾਨ ਰੂਪ ਸਿੰਘ ਛੰਨਾ ਜ਼ਿਲ੍ਹਾ ਪ੍ਰਧਾਨ ਚਮਕੌਰ ਸਿੰਘ ਨੈਣੇਵਾਲ ਜਰਨਲ ਸਕੱਤਰ ਜਰਨੈਲ ਸਿੰਘ ਬਦਰਾ ਖਜ਼ਾਨਚੀ ਭਗਤ ਸਿੰਘ ਬਲੌਰ ਸਿੰਘ ਕ੍ਰਿਸ਼ਨ ਸਿੰਘ ਛੰਨਾ ਬਲਦੇਵ ਸਿੰਘ ਜਰਨੈਲ ਸਿੰਘ ਰਾਮ ਸਿੰਘ ਦਰਸ਼ਨ ਸਿੰਘ ਬਲਵਿੰਦਰ ਸਿੰਘ ਗੁਰਨਾਮ ਸਿੰਘ ਗੁਰਚਰਨ ਸਿੰਘ ਬਲਵਿੰਦਰ ਸਿੰਘ ਮਨਜੀਤ ਸਿੰਘ ਹਰਜਿੰਦਰ ਸਿੰਘ ਘਰਾਚੋਂ ਜਸਵੀਰ ਸਿੰਘ ਗਗੜਪੁਰ । ਔਰਤ ਆਗੂ ਬਿੰਦਰ ਪਾਲ ਕੌਰ ਭਦੌੜ ਅਮਰਜੀਤ ਕੌਰ ਬਡਬਰ ਲਖਵੀਰ ਕੌਰ ਧਨੌਲਾ ਆਦਿ ਆਗੂ ਹਾਜਰ ਸਨ ।

### ਕਿਸਾਨ ਮਜ਼ਦੂਰ ਸਘੰਰਸ਼ ਪੰਜਾਬ ਕਮੇਟੀ ਜੋਨ ਸੈਣ ਭਗਤ ਦੀ ਕੋਰ ਕਮੇਟੀ ਵੱਲੋਂ

## ਕਿਸਾਨੀ ਅੰਦੋਲਨ ਸ਼ੰਬੂ ਬਾਡਰ ਦੀਆਂ ਅਗਲੀਆਂ ਰਣਨੀਤੀ ਸਬੰਧੀ ਕੀਤੀ ਮੀਟਿੰਗ



ਸਰਾਏਅਮਾਨਤ ਖਾਂ, 3 ਅਪ੍ਰੈਲ (ਗੁਰਬੀਰ ਸਿੰਘ ਗੰਡੀਵਿੰਡ)- ਅੱਜ ਕਿਸਾਨ ਮਜ਼ਦੂਰ ਸਘੰਰਸ਼ ਕਮੇਟੀ ਪੰਜਾਬ ਜੋਨ ਸੈਣ ਭਗਤ ਜੀ ਦੀ ਕੋਰ ਕਮੇਟੀ ਦੀ ਮੀਟਿੰਗ ਜੋਨ ਪ੍ਰਧਾਨ ਪਰਮਜੀਤ ਸਿੰਘ ਛੀਨਾਂ ਸਕੱਤਰ ਹਰਪ੍ਰੀਤ ਸਿੰਘ ਭੁੱਚਰ ਦੀ ਅਗਵਾਈ ਵਿਚ ਗੁਰਦੁਆਰਾ ਸੈਣ ਭਗਤ ਜੀ ਸੋਹਲ ਵਿਖੇ ਜ਼ਿਲ੍ਹਾ ਆਗੂ ਜਰਨੈਲ ਸਿੰਘ ਨੂਰਦੀ ਨੇ ਕੀਤੀ । ਚੱਲ ਰਹੇ ਕਿਸਾਨੀ ਅੰਦੋਲਨ ਸ਼ੰਬੂ ਬਾਡਰ ਲਈ ਜੋਨ ਦੀ ਕਾਰਜ਼ਕਾਰੀ ਤੇ ਆਓਣ ਵਾਲੇ ਕਣਕ ਦੇ ਸੀਜ਼ਨ ਦੌਰਾਨ ਕਿਸਾਨਾਂ ਦੀ ਬਦਲੀ ਬਦਲੀ ਲਈ ਰਣਨੀਤੀ ਤਹਿਤ ਕਿਹਾ ਕਿ 15 ਤਰੀਖ ਤੋਂ 10,15 ਦਿਨਾ ਲਈ ਇਕਾਈਆਂ ਵਿੱਚੋਂ ਬੀਬੀਆ ਦੀ ਗਿਣਤੀ ਭੇਜਣ ਲਈ ਤਿਆਰੀਆਂ ਕੀਤੀਆਂ ਜਾਣ ਕਿਉਂਕਿ ਕਿਸਾਨ ਆਪਣੀ ਫ਼ਸਲ ਤੇ ਤੁੜੀ ਬਣਾ ਸਕਣ। ਇਕਾਈ ਦਾ ਫੰਡ ਵੱਧ ਤੋਂ ਵੱਧ ਇਕੱਠਾ ਕੀਤਾ ਜਾਂਵੇ, ਮੀਟਿੰਗਾਂ ਕੀਤੀਆਂ ਜਾਣ ਆਮ ਲੋਕਾਂ ਨੂੰ ਇਹ ਦੱਸਿਆ ਜਾਵੇ ਕਿ ਕਿਸਾਨੀ ਅੰਦੋਲਨ ਚੜਦੀ ਕਲਾ ਵੱਲ ਜਾ ਰਿਹਾ ਹੈ ਮੋਦੀ ਸਰਕਾਰ ਦੇ ਪੈਰ ਹਿਲੇ ਹੋਏ ਹਨ ਜਿਸ ਕਾਰਨ ਮੋਦੀ ਸਰਕਾਰ ਵੱਲੋਂ ਕਈ ਰਾਜਾ ਦੇ ਮੁੱਖ ਮੰਤਰੀ ਬਦਲੇ ਜਾ ਰਹੇ ਹਨ ਵਿਦੇਸ਼ਾਂ ਵਿਚ ਇਸ ਅੰਦੋਲਨ ਦੀ ਚਰਚਾ ਕੀਤੀ ਜਾਂਦੀ ਹੈ। ਇਸ ਮੀਟਿੰਗ ਵਿੱਚ ਜੋਨ ਦੀ ਕੋਰ ਕਮੇਟੀ ਵੱਲੋਂ ਵੀ ਕਈ ਸੁਝਾਅ ਦਿੱਤੇ ਗਏ। ਇਸ ਮੀਟਿੰਗ ਵਿੱਚ ਜੋਨ ਪ੍ਰੈਸ ਸਕੱਤਰ ਕੁਲਜੀਤ ਸਿੰਘ ਛੀਨਾਂ, ਕਸ਼ਮੀਰ ਸਿੰਘ ਭੁੱਚਰ, ਮੰਗਲ ਸਿੰਘ ਭੁੱਚਰ, ਮਲਕੀਤ ਸਿੰਘ ਬਘਿਆੜੀ, ਲਖਵਿੰਦਰ ਸਿੰਘ ਗੰਡੀਵਿੰਡ, ਸੁਖਵੰਤ ਸਿੰਘ ਗੰਡੀਵਿੰਡ, ਗੁਰਦਿਆਲ ਸਿੰਘ ਲਹੀਆ, ਗੁਰਦੇਵ ਸਿੰਘ, ਗੁਰਪ੍ਰੀਤ ਸਿੰਘ ਸੋਹਲ, ਡਾ. ਸਤਵਿੰਦਰ ਸਿੰਘ ਬਾਠ,ਕੁਲਦੀਪ ਸਿੰਘ ਜਗਤਪੁਰਾ, ਦਿਲਬਾਗ ਸਿੰਘ ਗੰਡੀਵਿੰਡ ਤੇ ਹੋਰ ਜੋਨ ਆਗੂ ਹਾਜ਼ਰ ਸਨ।

## ਲੋਕ ਸਭਾ ਪਟਿਆਲਾ ਉਮੀਦਵਾਰ ਅਤੇ ਜ਼ਿਲ੍ਹੇ ਦੇ ਸਮੂਹ ਵਿਧਾਇਕਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਕੀਤੀ ਮੀਟਿੰਗ



ਨਾਭਾ, 3 ਅਪ੍ਰੈਲ (ਗੁਰਬਖਸ਼ ਸਿੰਘ ਸੰਧੂ)- ਲੋਕ ਸਭਾ ਚੋਣਾਂ ਨੂੰ ਲੈ ਕੇ ਜਿਲ੍ਹਾ ਪਟਿਆਲਾ ਦੇ ਸਮੂਹ ਵਿਧਾਇਕਾ ਅਤੇ ਲੋਕ ਸਭਾ ਪਟਿਆਲਾ ਦੇ ਉਮੀਦਵਾਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਵਿਸ਼ੇਸ਼ ਮੀਟਿੰਗ ਕੀਤੀ ਅਤੇ ਕਈ ਮੁੱਦਿਆਂ ਤੇ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਵਿਧਾਇਕ ਦੇਵ ਮਾਨ ਨੇ ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਕਿਹ ?ਾ ਕਿ ਲੋਕ ਸਭਾ ਪਟਿਆਲਾ ਦੀ ਹੋਣ ਵਾਲੀ ਚੋਣ ਵਿੱਚ ਆਮ ਆਦਮੀ ਪਾਰਟੀ ਵੱਡੀ ਲੀਡ ਪ੍ਰਾਪਤ ਕਰਕੇ ਇਤਿਹਾਸਕ ਜਿੱਤ ਦਰਜ ਕਰੇਗੀ ਅਤੇ ਪਟਿਆਲਾ ਉਮੀਦਵਾਰ ਡਾਕਟਰ ਬਲਬੀਰ ਸਿੰਘ ਨੂੰ ਜਿਲ੍ਹਾ ਪਟਿਆਲਾ ਦੇ ਲੋਕ ਫਤਵਾ ਦੇ ਕੇ ਲੋਕ ਸਭਾ ਵਿੱਚ ਭੇਜਣਗੇ।ਕਿਉਂਕਿ ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ ਸੂਬਾ ਸਰਕਾਰ ਲੋਕ ਹਿੱਤ ਵਾਲੇ ਕੰਮ ਕਰ ਰਹੀ ਹੈ। ਵਿਧਾਇਕ ਦੇਵ ਮਾਨ ਨੇ ਅੱਗੇ ਕਿਹਾ ਕਿ ਪਿਛਲੇ 2 ਸਾਲ ਦੌਰਾਨ ਵੱਡੇ ਫੈਸਲੇ ਲੈ ਕੇ ਪੰਜਾਬ ਦੀ ਬੇਰੁਜ਼ਗਾਰੀ ਨੂੰ ਬਹੁਤ ਹੱਦ ਤੱਕ ਠੱਲ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਸ਼ਵਾਸ਼ ਦਿਵਾਇਆ ਕਿ ਜਿਲ੍ਹਾ ਪਟਿਆਲਾ ਦੇ ਹਲਕਿਆਂ ਵਿੱਚ ਜੰਗੀ ਪੱਧਰ ਤੇ ਵਿਕਾਸ ਕਾਰਜ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਨੌਜਵਾਨ ਪੀੜ੍ਹੀ ਲਈ ਹੋਰ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਇਸ ਮੀਟਿੰਗ ਵਿੱਚ ਡਾਕਟਰ ਬਲਬੀਰ ਸਿੰਘ ਉਮੀਦਵਾਰ ਲੋਕ ਸਭਾ ਹਲਕਾ ਪਟਿਆਲਾ, ਗੁਰਦੇਵ ਸਿੰਘ ਦੇ ਮਾਨ ਐਮ ਐਲ ਏ ਨਾਭਾ, ਅਜੀਤ ਪਾਲ ਸਿੰਘ ਕੋਹਲੀ ਐਮ ਐਲ ਏ ਪਟਿਆਲਾ ਸ਼ਹਿਰੀ, ਕੁਲਵੰਤ ਸਿੰਘ ਬਾਜੀਗਰ ਐਮਐਲਏ ਸਤਰਾਣਾ, ਹਰਮੀਤ ਸਿੰਘ ਪਠਾਣ ਮਾਜਰਾ ਐਮ ਐਲ ਏ ਸਨੌਰ, ਮੈਡਮ ਨੀਨਾ ਮਿੱਤਲ ਐਮ ਐਲ ਏ ਰਾਜਪੁਰਾ, ਗੁਰਲਾਲ ਸਿੰਘ ਘਨੌਰ ਐਮ ਐਲ ਏ ਘਨੌਰ, ਕੁਲਜੀਤ ਸਿੰਘ ਰੰਧਾਵਾ ਐਮਐਲਏ ਡੇਰਾ ਬੱਸੀ ਆਦਿ ਹਾਜਰ ਸਨ।

# ਸਟਿੰਗ ਆਪ੍ਰੇਸ਼ਨ

e-mail : stingnews24@gmail.com
www.stingoperation.us

ਜਲੰਧਰ । ਵੀਰਵਾਰ, 4 ਅਪ੍ਰੈਲ 2024






## ਇੱਕ ਨਜ਼ਰ



### ਸਵੱਛ ਭਾਰਤ ਅਭਿਆਨ ਪੰਦਰਵਾੜੇ ਦੀ ਸ਼ੁਰੂਆਤ ਸਵੱਛਤਾ ਸਹੁੰ ਨਾਲ ਕੀਤੀ

ਨਾਭਾ, 3 ਅਪ੍ਰੈਲ (ਗੁਰਬਖਸ਼ ਸਿੰਘ ਸੰਧੂ)- ਸਿਵਲ ਸਰਜਨ ਪਟਿਆਲਾ ਡਾ. ਜਗਪਾਲ ਇੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸਿਵਲ ਹਸਪਤਾਲ ਨਾਭਾ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸੰਜੇ ਗੋਇਲ ਦੀ ਅਗਵਾਈ ਹੇਠ ਸਿਵਲ ਹਸਪਤਾਲ ਨਾਭਾ ਵਿਖੇ ਸਵੱਛ ਭਾਰਤ ਅਭਿਆਨ ਪੰਦਰਵਾੜੇ ਦੀ ਸ਼ੁਰੂਆਤ ਸਵੱਛਤਾ ਸਹੁੰ ਨਾਲ ਕੀਤੀ ਗਈ। ਇਸ ਮੌਕੇ ਜਾਣਕਾਰੀ ਦਿੰਦਿਆ ਡਾ. ਸੰਜੇ ਗੋਇਲ ਨੇ ਕਿਹਾ ਕਿ ਸਵੱਛ ਭਾਰਤ ਅਭਿਆਨ ਸਬੰਧੀ ਪੰਦਰਵਾੜਾ 1 ਅਪ੍ਰੈਲ ਤੋਂ 15 ਅਪ੍ਰੈਲ 2024 ਤੱਕ ਮਨਾਇਆ ਜਾਵੇਗਾ। ਇਸ ਦੌਰਾਨ ਲੋਕਾਂ ਨੂੰ ਸਾਫ ਸਫਾਈ ਦੀ ਮਹੱਤਤਾ ਪ੍ਰਤੀ ਜਾਗਰੁਕ ਕੀਤਾ ਜਾਵੇਗਾ ਉਨਾ ਕਿਹਾ ਕਿ ਦੁਨੀਆਂ ਦੇ ਸਭ ਤੋਂ ਵੱਡੇ ਸਫਾਈ ਅਭਿਆਨ ਦੀ ਸ਼ੁਰੂਆਤ 2 ਅਕਤੂਬਰ 2014 ਨੂੰ ਭਾਰਤ ਵਿੱਚ ਕੀਤੀ ਗਈ ਜਿਸ ਦਾ ਨਾਂ ਸਵੱਛ ਭਾਰਤ ਅਭਿਆਨ ਰੱਖਿਆ ਗਿਆ। ਇਸ ਦਾ ਮੁੱਖ ਮਕਸਦ ਲੋਕਾਂ ਨੂੰ ਸਫਾਈ ਪ੍ਰਤੀ ਜਾਗਰੂਕ ਕਰਨਾ ਹੈ ਕਿਉਂਕਿ ਗੰਦਗੀ ਵਿੱਚ ਮੱਖੀਆਂ, ਮੱਛਰ ਪੈਦਾ ਹੁੰਦੇ ਹਨ ਅਤੇ ਬਿਮਾਰੀਆਂ ਫੈਲਾਉਂਦੇ ਹਨ। ਹਰ ਨਾਗਰਿਕ ਦੀ ਵੀ ਇਹ ਵਿਅਕਤੀਗਤ ਜਿੰਮੇਵਾਰੀ ਹੈ ਕਿ ਉਹ ਆਪਣੇ ਆਲੇ ਦੁਆਲੇ ਸਫਾਈ ਰੱਖੇ ਅਤੇ ਦੂਜਿਆ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰੇ। ਸ਼੍ਰੀ ਦਵਿੰਦਰ ਸਿੰਘ ਹੈਲਥ ਸੁਪਰਵਾਇਜਰ ਨੇ ਕਿਹਾਕਿ ਹਰ ਵਿਅਕਤੀ ਦਾ ਸਫਾਈ ਵੱਲ ਵਧਾਇਆ ਗਿਆ ਇੱਕ ਕਦਮ ਪੂਰੇ ਭਾਰਤ ਦੇਸ਼ ਨੂੰ ਸਾਫ ਸੁਥਰਾ ਬਣਾਉਣ ਵਿੱਚ ਮਦਦ ਕਰੇਗਾ। ਸਟਾਫ ਅਤੇ ਆਮ ਜਨਤਾ ਨੂੰ ਇਸ ਦੌਰਾਨ ਸਵੱਛਤਾ ਸਹੁੰ ਵੀ ਚੁਕਵਾਈ ਗਈ। ਇਸ ਮੌਕੇ ਡਾ. ਹਰਵਿੰਦਰ ਸਿੰਘ, ਡਾ. ਹਰਕਿਰਤ ਕੌਰ, ਡਾ. ਕਿਰਨਜੋਤ ਕੌਰ, ਡਾ. ਰਾਜਵੰਤ ਕੌਰ, ਸ਼੍ਰੀਮਤੀ ਹਰਜੀਤ ਕੌਰ, ਸ਼੍ਰੀਮਤੀ ਸਤਿੰਦਰਪਾਲ ਕੌਰ, ਸ਼੍ਰੀਮਤੀ ਸਵਰਨ ਲਤਾ, ਸ਼੍ਰੀ ਅਜੀਤ ਸਿੰਘ ਫਾਰਮੇਸੀ ਅਫਸਰ ਸਮੇਤ ਸਮੂਹ ਸਟਾਫ ਅਤੇ ਆਮ ਲੋਕ ਹਾਜਰ ਸਨ।

### ਵਿਧਾਇਕ ਦੇਵ ਮਾਨ ਨੇ ਗੋਬਿੰਦਗੜ੍ਹ ਤੋਂ ਭਵਾਨੀਗੜ੍ਹ ਤੱਕ ਬਣ ਰਹੀ ਨਵੀਂ ਸੜਕ ਦੇ ਕੰਮ ਦਾ ਲਿਆ ਜਾਇਜ਼ਾ

ਨਾਭਾ, 3 ਅਪ੍ਰੈਲ (ਗੁਰਬਖਸ਼ ਸਿੰਘ ਸੰਧੂ )- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਵਿੱਚ ਲਗਾਤਾਰ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਜਿਸ ਤਹਿਤ ਨਾਭਾ ਹਲਕਾ ਅਤੇ ਹਲਕਾ ਨਾਭਾ ਦੇ ਨਾਲ ਲੱਗਦੇ ਚਾਰ ਹਲਕਿਆਂ ਨੂੰ ਜੋੜ ਦੀ ਸੜਕ ਜੋ ਕਿ ਮੰਡੀ ਗੋਬਿੰਦਗੜ ਤੋਂ ਸ਼ੁਰੂ ਹੋ ਕੇ ਭਵਾਨੀਗੜ੍ਹ ਤੱਕ ਹੈ ਇਸ ਦਾ ਕੰਮ ਪਿਛਲੇ ਦਿਨਾਂ ਵਿੱਚ ਸ਼ੁਰੂ ਕਰ ਦਿੱਤਾ ਗਿਆ ਸੀ ਇੰਨਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਗੁਰਦੇਵ ਸਿੰਘ ਦੇ ਮਾਨ ਐਮ ਐਲ ਏ ਨਾਭਾ ਨੇ ਬਣ ਰਹੀ ਸੜਕ ਦਾ ਨਿਰੀਖਣ ਕਰਨ ਉਪਰੰਤ ਕੀਤਾ ਇਸ ਮੌਕੇ ਉਨ੍ਹਾਂ ਸਬੰਧਿਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੜਕ ਨੂੰ ਵਧੀਆ ਤਰੀਕੇ ਨਾਲ ਬਣਾਇਆ ਜਾਵੇ ਅਤੇ ਕਿਸੇ ਕਿਸਮ ਦੀ ਕਮੀ ਬਰਦਾਸ਼ਤ ਨਹੀਂ ਕੀਤੀ ਜਾਵੇ। ਇਸ ਦੇ ਨਾਲ ਹੀ ਉਹਨਾਂ ਨੇ ਨਾਲ ਲੱਗਦੇ ਪਿੰਡਾਂ ਦੇ ਨਿਵਾਸੀਆਂ ਨੂੰ ਵੀ ਬੇਨਤੀ ਕੀਤੀ ਸੜਕ ਨੂੰ ਲਗਾਤਾਰ ਚੈੱਕ ਕੀਤਾ ਜਾਵੇ ਅਤੇ ਕਿਤੇ ਵੀ ਜੇ ਕਿਸੇ ਤਰ੍ਹਾਂ ਦੀ ਕੋਈ ਘਾਟ ਲੱਗਦੀ ਹੈ ਤਾਂ ਮੈਨੂੰ ਦੱਸਿਆ ਜਾਵੇ ਇਸ ਸੜਕ ਦੇ ਕੰਮ ਨੂੰ ਸ਼ੁਰੂ ਕਰਨ ਦੇ ਲਈ ਪਿੰਡ ਵਾਸੀਆਂ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹਲਕਾ ਨਾਭਾ ਦੇ ਐਮ ਐਲ ਏ ਗੁਰਦੇਵ ਸਿੰਘ ਦੇਵ ਮਾਨ ਦਾ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਅਰਵਿੰਦਰ ਸਿੰਘ ਜੇ ਈ , ਜਸਵੀਰ ਸਿੰਘ ਜੀ ਏ , ਤੇਜਿੰਦਰ ਸਿੰਘ ਖਹਿਰਾ , ਭੁਪਿੰਦਰ ਸਿੰਘ ਕਲੱਰ ਮਾਜਰੀ , ਜਸਵੀਰ ਸਿੰਘ ਵਜੀਦਪੁਰ, ਜਗਵਿੰਦਰ ਸਿੰਘ ਪੂਨੀਆ ਅਤੇ ਹੋਰ ਆਹੁਦੇਦਾਰ ਮੋਜੂਦ ਸਨ।

### डी.एस.पी. अरुण मुंडन ने थाना प्रभारियों से की मीटिंग

## असामाजिक तत्वों पर सख्त कार्रवाई करने के निर्देश दिए



अबोहर,3 अप्रैल (विनीत मुटनेजा): अबोहर के डीएसपी अरूण मुंडन ने नगर थाना पहुंच कर नगर थाना के प्रभारी नवप्रीत सिंह, चौकी सीडफार्म के प्रभारी राजवीर सिंह, एएसआई मोहन लाल, एएसआई सुखविंद्र सिंह व अन्य पुलिस कर्मचारियों के साथ मीटिंग की व शहर में अमन शांति कायम रखने के लिए असामाजिक तत्वों पर सख्त कार्यवाई करने के निर्देश दिये हैं। उन्होंने कहा कि लोकसभा चुनावों के मद्देनजर सुरक्षा बढाई गई है। यदि कोई व्यक्ति गड़बड़ी करता है तो उसे किसी भी कीमत पर बख्शा नहीं जायेगा।


ਸਟਿੰਗ ਆਪ੍ਰੇਸ਼ਨ ਜਲੰਧਰ
www.stingoperation.us
ਦੇਸ਼-ਵਿਦੇਸ਼ ਅਤੇ ਪੰਜਾਬ ਦੇ ਹਰ ਕਸਬੇ ਤੋਂ ਪੱਤਰਕਾਰਾਂ ਦੀ ਲੋੜ ਹੈ
Contact : 90416-59160


### ਭਾਰਤ ਦੌਰੇ ’ਤੇ ਆਏ ਕੰਬੋਡੀਆ ਸਿਵਲ ਸੇਵਾ ਦੇ ਅਧਿਕਾਰੀ ਪਟਿਆਲਾ ਪੁੱਜੇ

## ਸਿਵਲ ਪ੍ਰਸ਼ਾਸਨ ਤੇ ਜ਼ਿਲ੍ਹਾ ਪੁਲਿਸ ਦੇ ਅਧਿਕਾਰੀਆਂ ਨਾਲ ਵਿਚਾਰ ਵਟਾਂਦਰਾ

- ਨੈਸ਼ਨਲ ਸੈਂਟਰ ਫਾਰ ਗੁੱਡ ਗਵਰਨੈਂਸ ਵਿਖੇ ਚੌਥੇ ਪਬਲਿਕ ਪਾਲਿਸੀ ਅਤੇ ਗਵਰਨੈਂਸ ’ਤੇ ਸਿਖਲਾਈ ਪ੍ਰੋਗਰਾਮ ’ਚ ਲਿਆ ਹਿੱਸਾ
- ਜ਼ਿਲ੍ਹਾ ਪ੍ਰਸ਼ਾਸਨ ਬਾਰੇ ਜਾਣਕਾਰੀ ਹਾਸਲ ਕਰਕੇ ਤੇ ਪਟਿਆਲਾ ਦੀ ਮੇਜ਼ਬਾਨੀ ਤੋਂ ਖੁਸ਼ ਹੋਏ ਕੰਬੋਡੀਆ ਦੇ ਅਧਿਕਾਰੀ




ਨਾਭਾ, ਪਟਿਆਲਾ, 3 ਅਪ੍ਰੈਲ ( ਗੁਰਬਖਸ਼ ਸਿੰਘ ਸੰਧੂ)- ਕੰਬੋਡੀਆ ਸਿਵਲ ਸੇਵਾ ਦੇ ਅਧਿਕਾਰੀਆਂ ਦੇ 39 ਮੈਂਬਰੀ ਇੱਕ ਉਚ ਪੱਧਰੀ ਵਫ਼ਦ ਨੇ ਅੱਜ ਪਟਿਆਲਾ ਦਾ ਦੌਰਾ ਕਰਕੇ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਉਸਾਰੂ ਵਿਚਾਰ ਵਟਾਂਦਰਾ ਕੀਤਾ।ਕੰਬੋਡੀਆ ਦੇ ਇਹ ਅਧਿਕਾਰੀ, ਕੰਬੋਡੀਆ ਦੇ ਕੈਬਨਿਟ ਡਿਪਟੀ ਡਾਇਰੈਕਟਰ ਐਂਗ ਮੋਨੀਰਿਥ ਦੀ ਅਗਵਾਈ ਵਿੱਚ, ਭਾਰਤ ਸਰਕਾਰ ਦੇ ਨੈਸ਼ਨਲ ਸੈਂਟਰ ਫਾਰ ਗੁੱਡ ਗਵਰਨੈਂਸ, ਐਲ.ਬੀ.ਐਸ.ਐਨ.ਐਨ.ਏ., ਮਸੂਰੀ ਤੇ ਨਵੀਂ ਦਿੱਲੀ ਵਿਖੇ ਚੌਥੇ ਪਬਲਿਕ ਪਾਲਿਸੀ ਅਤੇ ਗਵਰਨੈਂਸ ਬਾਰੇ ਸਿਖਲਾਈ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਭਾਰਤ ਪੁੱਜੇ ਹੋਏ ਹਨ।ਨਗਰ ਨਿਗਮ ਦੇ ਕਮਿਸ਼ਨਰ ਅਦਿੱਤਿਆ ਡੇਚਲਵਾਲ ਨੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਦੀ ਤਰਫੋਂ ਵਫ਼ਦ ਦਾ ਨਿੱਘਾ ਸੁਆਗਤ ਕਰਦਿਆਂ ਸ਼ਾਸਨ ਅਭਿਆਸਾਂ ਨੂੰ ਵਧਾਉਣ ਲਈ ਅਜਿਹੇ ਅੰਤਰ-ਸੱਭਿਆਚਾਰਕ ਰੁਝੇਵਿਆਂ ਦੀ ਮਹੱਤਤਾ ’ਤੇ ਜ਼ੋਰ ਦਿੱਤਾ।ਡੇਚਲਵਾਲ ਦਾ ਕਹਿਣਾ ਸੀ ਕਿ ਕਿਸੇ ਦੂਜੇ ਦੇਸ਼ ਦੇ ਅਧਿਕਾਰੀਆਂ ਦਾ ਇਹ ਮਹੱਤਵਪੂਰਨ ਦੌਰਾ ਜਨਤਕ ਸੇਵਾ ਦੇ ਖੇਤਰ ਵਿੱਚ ਅੰਤਰਰਾਸ਼ਟਰੀ ਸਹਿਯੋਗ ਅਤੇ ਗਿਆਨ ਦੇ ਆਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕਰਨ ਵਿੱਚ ਇੱਕ ਮਹੱਤਵਪੂਰਨ ਕਦਮ ਦੀ ਨਿਸ਼ਾਨਦੇਹੀ ਕਰਦਾ ਹੈ।ਉਨ੍ਹਾਂ ਨੇ ਐਨ.ਸੀ.ਜੀ.ਜੀ. ਦੇ ਕੋਆਰਡੀਨੇਟਰ ਡਾਇਰੈਕਟਰ ਡਾ. ਬੀ.ਐਸ. ਬਿਸ਼ਟ ਅਤੇ ਕੰਬੋਡੀਆ ਦੇ ਅਧਿਕਾਰੀਆਂ ਵੱਲੋਂ ਆਪਣੇ ਇਸ ਦੌਰੇ ਲਈ ਪਟਿਆਲਾ ਦੀ ਚੋਣ ਕਰਨ ਵਾਸਤੇ ਵਿਸ਼ੇਸ਼ ਧੰਨਵਾਦ ਕੀਤਾ। ਐਨਸੀਜੀਜੀ ਦੇ ਕੋਆਰਡੀਨੇਟਰ ਡਾਇਰੈਕਟਰ ਡਾ. ਬੀ.ਐਸ. ਬਿਸ਼ਟ ਨੇ ਦੱਸਿਆ ਕਿ ਇਹ ਸਿਖਲਾਈ ਪ੍ਰੋਗਰਾਮ, ਵਿਸ਼ੇਸ਼ ਤੌਰ ’ਤੇ ਕੰਬੋਡੀਆ ਦੇ ਸਿਵਲ ਅਧਿਕਾਰੀਆਂ ਲਈ ਤਿਆਰ ਕੀਤਾ ਗਿਆ ਹੈ, ਇਸ ਦਾ ਉਦੇਸ਼ ਇਨ੍ਹਾਂ ਅਧਿਕਾਰੀਆਂ ਨੂੰ ਜਨਤਕ ਨੀਤੀ ਬਣਾਉਣ ਅਤੇ ਸ਼ਾਸਨ ਦੀਆਂ ਰਣਨੀਤੀਆਂ ਵਿੱਚ ਭਵਿੱਖ ਮੁਖੀ ਬਿਹਤਰ ਸੂਝ-ਬੂਝ ਅਤੇ ਵਧੀਆ ਅਭਿਆਸਾਂ ਨਾਲ ਲੈਸ ਕਰਨਾ ਹੈ। ਇਸ ਮੌਕੇ ਡੈਲੀਗੇਟ ਮੁਖੀ, ਐਂਗ ਮੋਨੀਰਿਥ ਅਤੇ ਸ਼੍ਰੀਮਤੀ ਚੈਨਕੌਲਿਕਾ ਬੋ, ਡਾਇਰੈਕਟਰ ਫੋਨਮ ਪੇਨ ਨੇ ਨਿੱਘੇ ਸੁਆਗਤ ਲਈ ਪਟਿਆਲਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਪ੍ਰਸ਼ਾਸਕੀ ਸਮਰੱਥਾ ਨੂੰ ਮਜ਼ਬੂਤ ਕਰਨ ਅਤੇ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਦੁਵੱਲੇ ਸਹਿਯੋਗ ਦੀ ਮਹੱਤਤਾ ਨੂੰ ਉਜਾਗਰ ਕੀਤਾ।ਉਨ੍ਹਾਂ ਕਿਹਾ ਕਿ ਇਸ ਇੰਟਰਐਕਟਿਵ ਸੈਸ਼ਨ, ਵਰਕਸ਼ਾਪ ਤੇ ਸਿੱਖਣ ਦੇ ਤਜ਼ਰਬਿਆਂ ਦੁਆਰਾ, ਉਨ੍ਹਾਂ ਦੇ ਡੈਲੀਗੇਟਾਂ ਨੇ ਪ੍ਰਭਾਵਸ਼ਾਲੀ ਪ੍ਰਸ਼ਾਸਨ ਵਿੱਚ ਸ਼ਾਮਲ ਪੇਚੀਦਗੀਆਂ ਦੀ ਡੂੰਘੀ ਸਮਝ ਹਾਸਲ ਕੀਤੀ ਹੈ, ਜਿਸ ਨਾਲ ਉਨ੍ਹਾਂ ਦੇ ਲਈ ਕੰਬੋਡੀਆ ਵਿੱਚ ਬਿਹਤਰ ਨਾਗਰਿਕ ਸੇਵਾ ਪ੍ਰਦਾਨ ਕਰਨ ਅਤੇ ਪ੍ਰਸ਼ਾਸਨਿਕ ਕੁਸ਼ਲਤਾ ਲਈ ਰਾਹ ਪੱਧਰਾ ਹੋਇਆ ਹੈ।ਇਸ ਦੌਰਾਨ ਏ.ਡੀ.ਸੀ (ਦਿਹਾਤੀ ਵਿਕਾਸ) ਡਾ. ਹਰਜਿੰਦਰ ਸਿੰਘ ਬੇਦੀ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਢਾਂਚੇ ਬਾਰੇ ਪੇਸ਼ਕਾਰੀ ਦਿੱਤੀ।ਏਡੀਸੀ (ਯੂਡੀ) ਨਵਰੀਤ ਕੌਰ ਸੇਖੋਂ ਨੇ ਜ਼ਿਲ੍ਹਾ ਪਟਿਆਲਾ ਬਾਰੇ ਪੀ.ਪੀ.ਟੀ. ਪੇਸ਼ ਕੀਤੀ ਤੇ ਡੀ.ਐਸ.ਪੀ.(ਐਚ) ਸੁਖਦੇਵ ਸਿੰਘ ਨੇ ਐਸ.ਐਸ.ਪੀ. ਵਰੁਣ ਸ਼ਰਮਾ ਵੱਲੋਂ ਸਵਾਗਤ ਕਰਦਿਆਂ ਪੁਲਿਸ ਵਿਭਾਗ ਦੇ ਢਾਂਚੇ ਬਾਰੇ ਦੱਸਿਆ।ਏ.ਡੀ.ਸੀ. (ਜਨਰਲ) ਮੈਡਮ ਕੰਚਨ ਨੇ ਡੈਲੀਗੇਸ਼ਨ ਮੈਂਬਰਾਂ ਦਾ ਪਟਿਆਲਾ ਪੁੱਜਣ ਲਈ ਧੰਨਵਾਦ ਕੀਤਾ। ਵਫ਼ਦ ਦੇ ਕੁਝ ਮੈਂਬਰਾਂ ਨੇ ਭਾਰਤ ਵਿੱਚ ਸਿਵਲ ਅਧਿਕਾਰੀਆਂ ਦੀ ਭਰਤੀ, ਮਹਿਲਾ ਸਸ਼ਕਤੀਕਰਨ ਅਤੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਵਿੱਚ ਸ਼ਿਕਾਇਤ ਨਿਵਾਰਣ ਪ੍ਰਣਾਲੀ ਬਾਰੇ ਸਵਾਲ ਪੁੱਛੇ।ਜਿਨ੍ਹਾਂ ਦੇ ਉਤਰ ਅਦਿਤਿਆ ਡੇਚਲਵਾਲ ਅਤੇ ਹੋਰ ਅਧਿਕਾਰੀਆਂ ਵੱਲੋਂ ਦਿੱਤੇ ਗਏ। ਨਗਰ ਨਿਗਮ ਕਮਿਸ਼ਨਰ ਨੇ ਕੰਬੋਡੀਆ ਦੇ ਸਿਵਲ ਸੇਵਾਵਾਂ ਢਾਂਚੇ ਬਾਰੇ ਸਵਾਲ ਕੀਤੇ ਜਿਸ ਦਾ ਜਵਾਬ ਕੰਬੋਡੀਆ ਦੇ ਮਿਸਟਰ ਕਾਂਗ ਸੋਫਨਾ ਨੇ ਦਿੱਤਾ। ਵਫ਼ਦ ਦੇ ਮੈਂਬਰਾਂ ਨੇ ਪਟਿਆਲਾ ਸਿਵਲ ਤੇ ਪੁਲਿਸ ਪ੍ਰਸ਼ਾਸਨ ਦੀ ਮੇਜ਼ਬਾਨੀ ਤੋਂ ਖੁਸ਼ ਹੁੰਦਿਆਂ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਕੰਬੋਡੀਆ ਵਿੱਚ ਸ਼ਾਸਨ ਦੇ ਦ੍ਰਿਸ਼ਟੀਕੋਣ ਵਿੱਚ ਸਕਾਰਾਤਮਕ ਯੋਗਦਾਨ ਪਾਉਣ ਲਈ ਆਪਣੀ ਫੇਰੀ ਦੌਰਾਨ ਪ੍ਰਾਪਤ ਕੀਤੇ ਗਿਆਨ ਦਾ ਲਾਭ ਉਠਾਉਣਗੇ। ਇਸ ਦੁੱਵਲੇ ਵਿਚਾਰ ਵਟਾਂਦਰੇ ਮਗਰੋਂ ਵਫ਼ਦ ਨੇ ਐਨਆਈਐਸ ਪਟਿਆਲਾ ਦਾ ਦੌਰਾ ਕੀਤਾ ਅਤੇ ਕਾਰਜਕਾਰੀ ਡਾਇਰੈਕਟਰ ਵਿਨੀਤ ਕੁਮਾਰ ਅਤੇ ਹੋਰ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਦੇਸ਼ ਦੇ ਖਿਡਾਰੀਆਂ ਲਈ ਪ੍ਰਦਾਨ ਕੀਤੀ ਜਾ ਰਹੀ ਸਿਖਲਾਈ ਬਾਰੇ ਜਾਣਕਾਰੀ ਹਾਸਲ ਕੀਤੀ। ਇਸ ਦੌਰਾਨ ਜ਼ਿਲ੍ਹੇ ਦੇ ਸਮੂਹ ਐਸ.ਡੀ.ਐਮਜ ਅਰਵਿੰਦ ਕੁਮਾਰ, ਮਨਜੀਤ ਕੌਰ, ਤਰਸੇਮ ਚੰਦ, ਰਵਿੰਦਰ ਸਿੰਘ, ਰਿਚਾ ਗੋਇਲ, ਜ਼ਿਲ੍ਹਾ ਖੇਡ ਅਫ਼ਸਰ ਰੁਪੇਸ਼ ਕੁਮਾਰ ਸਮੇਤ ਹੋਰ ਜ਼ਿਲ੍ਹਾ ਅਧਿਕਾਰੀਆਂ ਨੇ ਭਾਗ ਲਿਆ। ਮੰਚ ਸੰਚਾਲਨ ਡਾ. ਪੰਕਜ ਕਪੂਰ ਨੇ ਕੀਤਾ।ਸਮੂਹ ਅਧਿਕਾਰੀਆਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਤੌਰ ਉਤੇ ਸਨਮਾਨਤ ਵੀ ਕੀਤਾ ਗਿਆ।

### मंडी बोर्ड के डायरैक्टर और प्लानिंग बोर्ड के चैयरमैन द्वारा

## अनाज मंडी का दौरा, प्रबंधों का लिया जायजा

**मजदूरों ने कहा कि मंडी मजदूरों के लिए दफ्तर अलॉट किया जा चुका है लेकिन दफ्तर की हालत खस्ता होने के कारण मजदूर वहां बैठ नहीं सकते, इसीलिए सरकार उन्हें दफ्तर बनाने के लिए राशि जारी करें.....**



अबोहर, 3 अप्रैल (विनीत मुटनेजा): गेहूं सीजन से पूर्व मंडियों में किसानों, आढ़तियों, मज़दूरों को आने वाली समास्याओं को दूर करने के लिए मुख्यमंत्री भगवंत सिंह मान व पंजाब मंडी बोर्ड के चैयरमैन स हरचंद सिंह बरसट के दिशा निर्देशों पर मंडी बोर्ड के डायरेक्टर बलजिंदर सिंह मूलियांवाली ने जिला फाजिल्का के प्रधान सुनील सचदेवा के साथ नई अनाज मंडी अबोहर का दौरा किया। इस अवसर पर उनके साथ संदीप नोखोवाल, ब्लॉक प्रधान गुरप्रीत सिंह गोरा, संजीव कुमार, ब्लॉक प्रभारी सुनील बजाज, पंजाब मंडी मजदूर यूनियन के चैयरमैन मनोज सोलिया, अबोहर धानक मजदूर यूनियन के प्रधान अमरनाथ, राजकुमार खेरखारा, सतीश कुमार आदि उपस्थित थे। इस अवसर पर मजदूरों ने बताया कि मंडी में भ्रष्टाचार का बहुत बोलबाला है जिसकी वजह से सीजन में उन्हें बहुत सी परेशानियों का सामना करना पड़ता है। उनके लिए मंडी में सुविधाओं की बहुत कमी है। मजदूरों ने मंडी में शौचायलयों की कमी को दूर करने सहित कनक सीजन के दौरान डिस्पेंसरी खोलने की मांग की। मजदूरों ने कहा कि मंडी मजदूरों के लिए दफ्तर अलॉट किया जा चुका है लेकिन दफ्तर की हालत खस्ता होने के कारण मजदूर वहां बैठ नहीं सकते, इसीलिए सरकार उन्हें दफ्तर बनाने के लिए राशि जारी करें। डायरेक्टर बलजिंदर सिंह व जिला प्लानिंग कमेटी के चैयरमैन सुनील सचदेवा ने मजदूरों को आश्वासन दिया की जल्द ही डी सी सेनू दुग्गल से मिल कर कनक सीजन के दौरान डिस्पेंसरी स्थापित कारवाई जाएगी तथा सीजन से पूर्व शौचायलयों की सफाई करवा दी जाएगी। उन्होंने कहा कि चुनाव जाप्ता लगे होने के कारण इस समय वह फंड अलॉट करने की कोई घोषणा नहीं कर सकते, इसलिए चुनाव के पश्चात उनकी मांगों पर गौर किया जाएगा। बलजिंदर सिंह और सुनील सचदेवा ने कहा की मंडी में दौरे के दौरान आढ़तियों और मजदूरों ने बताया की सीज़न के लिफ्टिंग की समस्या बहुत ज्यादा आती है। उन्होने ने कहा कि सीज़न से पूर्व डी सी मैडम के ध्यान में लाकर सभी समस्या को दूर करवाया जाएगा।

## ਇੱਕ ਨਜ਼ਰ



## ਡਿਪਟੀ ਕਮਿਸ਼ਨਰ ਬਰਨਾਲਾ ਵੱਲੋਂ ਸਰਕਾਰੀ ਸਕੂਲ ਭੈਣੀ ਜੱਸਾ ਦਾ ਤੀਸਰਾ ਮੈਗਜ਼ੀਨ ਰਿਲੀਜ਼

ਬਰਨਾਲਾ,3 ਅਪ੍ਰੈਲ (ਰਾਜਿੰਦਰ ਪ੍ਰਸਾਦ ਸਿੰਗਲਾ)- ਡਿਪਟੀ ਕਮਿਸ਼ਨਰ ਬਰਨਾਲਾ ਸ਼੍ਰੀਮਤੀ ਪੂਨਮਦੀਪ ਕੌਰ ਨੇ ਸਰਕਾਰੀ ਹਾਈ ਸਕੂਲ ਭੈਣੀ ਜੱਸਾ ਦਾ ਸਾਲਾਨਾ ਮੈਗਜ਼ੀਨ 'ਪ੍ਰੇਰਨਾ' ਰਿਲੀਜ਼ ਕਰਦਿਆਂ ਕਿਹਾ ਕਿ ਸਾਹਿਤ ਇੱਕ ਕੋਮਲ ਕਲਾ ਹੈ ਜੋ ਜੀਵਨ ਵਿੱਚ ਗਿਆਨ ਤੇ ਵਿਚਾਰਾਂ ਦੇ ਤੌਰ 'ਤੇ ਸਦੀਵੀਂ ਸਾਡਾ ਚਾਨਣ ਮੁਨਾਰਾ ਬਣਦੀ ਹੈ। ਉਨ੍ਹਾਂ ਕਿਹਾ ਕਿ ਮਨੁੱਖੀ ਖਿਆਲਾਂ ਰਾਹੀਂ ਕਲਮ ਦੀ ਮਦਦ ਨਾਲ ਜੋ ਕਾਗਜ਼ 'ਤੇ ਉੱਕਰਿਆ ਜਾਂਦਾ ਹੈ ਉਹ ਗੌਰਵਮਈ ਇਤਿਹਾਸ ਬਣ ਜਾਂਦਾ ਹੈ ਸਕੂਲੀ ਬੱਚਿਆਂ ਲਈ ਤਾਂ ਸਾਹਿਤ ਨਾਲ ਜੁੜਨਾ ਵੱਡੀ ਪ੍ਰਾਪਤੀ ਹੈ। ਉਨ੍ਹਾ ਕਿਹਾ ਕਿ ਸਰਕਾਰੀ ਸਕੂਲਾਂ ਅੰਦਰ ਤਿਆਰ ਕੀਤੇ ਜਾਣ ਵਾਲੇ ਅਜਿਹੇ ਸਾਹਿਤਕ ਸਕੂਲੀ ਮੈਗਜ਼ੀਨ ਸੁਖਾਵਾਂ ਮਾਹੌਲ ਪੈਦਾ ਕਰਦੇ ਹਨ ਜਿਸ ਨਾਲ਼ ਵਿਦਿਆਰਥੀਆਂ ਵਿੱਚ ਲਾਇਬ੍ਰੇਰੀ ਜਾਣ, ਕਿਤਾਬਾਂ ਪੜ੍ਹਨ ਅਤੇ ਮੌਲਿਕ ਰਚਨਾਵਾਂ ਵੱਲ ਰੁਚਿਤ ਹੋਣ ਦੀ ਖਿੱਚ ਪੈਦਾ ਹੁੰਦੀ ਹੈ। ਡਿਪਟੀ ਕਮਿਸ਼ਨਰ ਵੱਲੋਂ ਸਕੂਲ ਮੁਖੀ ਸ੍ਰੀ ਚੇਤਵੰਤ ਸਿੰਘ, ਮੈਗਜ਼ੀਨ ਸੰਪਾਦਕ ਸ੍ਰੀ ਹਰਜੀਤ ਸਿੰਘ ਮਲੂਕਾ ਅਤੇ ਸੰਪਾਦਕੀ ਮੰਡਲ ਦੇ ਸ੍ਰੀ ਅੰਮ੍ਰਿਤਪਾਲ ਸਿੰਘ ਨੂੰ ਮੈਗਜ਼ੀਨ ਤਿਆਰ ਕਰਨ ਤੇ ਵਧਾਈ ਦਿੱਤੀ। ਮੈਗਜ਼ੀਨ ਦੇ ਰਿਲੀਜ਼ ਹੋਣ ਮੌਕੇ ਸਕੂਲ ਦੇ ਡੀ.ਡੀ.ਓ. ਪ੍ਰਦੀਪ ਕੁਮਾਰ ਅਤੇ ਸਕੂਲ ਮੁਖੀ ਚੇਤਵੰਤ ਸਿੰਘ ਨੇ ਕਿਹਾ ਕਿ ਸਾਹਿਤਕ ਰੁਚੀਆਂ ਰੱਖਣ ਵਾਲੇ ਵਿਦਿਆਰਥੀਆਂ ਨੂੰ ਜੇਕਰ ਥੋੜ੍ਹੀ ਬਹੁਤ ਸੇਧ ਦੇ ਦਿੱਤੀ ਜਾਵੇ ਤਾਂ ਉਹ ਆਪਣੀਆਂ ਕੁਸ਼ਲਤਾਵਾਂ ਅਤੇ ਕਲਾਵਾਂ ਨੂੰ ਨਿਖਾਰ ਕੇ ਬਹੁਤ ਚੰਗੀਆਂ ਰਚਨਾਵਾਂ ਲਿਖ ਕੇ ਸਾਹਿਤ ਵਿੱਚ ਉੱਤਮ ਭੂਮਿਕਾ ਨਿਭਾ ਸਕਦੇ ਹਨ। ਉਨ੍ਹਾਂ ਕਿਹਾ ਕਿ ਮੈਗਜ਼ੀਨ ਸੰਪਾਦਕ ਹਰਜੀਤ ਸਿੰਘ ਮਲੂਕਾ ਵੱਲੋਂ ਤਿਆਰ ਕੀਤਾ ਇਹ ਸਕੂਲ ਦਾ ਤੀਸਰਾ ਮੈਗਜ਼ੀਨ ਹੈ ਜਿਸ ਦਾ ਸਾਰਾ ਕੰਮ ਬਹੁਤ ਉੱਤਮ ਤਰੀਕੇ ਨਾਲ ਕੀਤਾ ਹੈ। ਮੈਗਜ਼ੀਨ ਸੰਪਾਦਕ ਹਰਜੀਤ ਸਿੰਘ ਮਲੂਕਾ ਨੇ ਕਿਹਾ ਕਿ ਇਸ ਸਾਹਿਤਕ ਮੈਗਜ਼ੀਨ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਆਪਣੀਆਂ ਰਚਨਾਵਾਂ ਅਤੇ ਸੰਸਥਾ ਦੇ ਚਾਲੂ ਸੈਸ਼ਨ ਦੀਆਂ ਗਤੀਵਿਧੀਆਂ ਨੂੰ ਖੂਬਸੂਰਤ ਤਰੀਕੇ ਨਾਲ ਅੰਕਿਤ ਕੀਤਾ ਹੈ। ਮੈਗਜ਼ੀਨ ਦੇ ਰਿਲੀਜ਼ ਮੌਕੇ ਸਮੂਹ ਸਕੂਲ ਸਟਾਫ ਨੇ ਡਿਪਟੀ ਕਮਿਸ਼ਨਰ ਸ੍ਰੀ ਪੂਨਮਦੀਪ ਕੌਰ ਦਾ ਵਿਸ਼ੇਸ ਧੰਨਵਾਦ ਕਰਦਿਆਂ ਉਨ੍ਹਾ ਨੂੰ ਮੈਗਜ਼ੀਨ ਦੀਆਂ ਕਾਪੀਆਂ ਭੇਂਟ ਕੀਤੀਆਂ। ਇਸ ਮੌਕੇ ਡੀ.ਸੀ ਦਫ਼ਤਰ ਦੇ ਸ੍ਰੀ ਵਿੱਕੀ ਡਾਵਲਾ ਅਤੇ ਸਕੂਲ ਦਾ ਸਟਾਫ ਹਾਜਰ ਸੀ।

### ਪੰਜਾਬ ਸਕੂਲ ਸਿੱਖਿਆ ਬੋਰਡ ਨੇ ਐਲਾਨਿਆ ਪੰਜਵੀਂ ਦਾ ਨਤੀਜਾ

## ਜ਼ਿਲ੍ਹਾ ਬਰਨਾਲਾ ਦੇ 11 ਵਿਦਿਆਰਥੀਆਂ ਨੇ ਕੀਤਾ ਮੈਰਿਟ ਵਿੱਚ ਸਥਾਨ ਹਾਸਿਲ

ਬਰਨਾਲਾ,3 ਅਪ੍ਰੈਲ (ਰਾਜਿੰਦਰ ਪ੍ਰਸਾਦ ਸਿੰਗਲਾ)-ਪੰਜਾਬ ਸਕੂਲ ਸਿੱਖਿਆ ਬੋਰਡ ਨੇ ਪੰਜਵੀਂ ਦਾ ਜਮਾਤ ਦਾ ਨਤੀਜਾ ਐਲਾਨ ਦਿੱਤਾ ਹੈ। ਜ਼ਿਲ੍ਹਾ ਬਰਨਾਲਾ ਦੇ ਨਤੀਜਿਆਂ ਦੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿੱਖਿਆ ਅ.ਫ਼ਸਰ ਇੰਦੂ ਸਿਮਕ ਨੇ ਦੱਸਿਆ ਕਿ ਜ਼ਿਲ੍ਹਾ ਬਰਨਾਲਾ ਦੇ ਪੰਜਵੀਂ ਜਮਾਤ ਦੇ ਨਤੀਜਿਆਂ ਦੀ ਪਾਸ ਪ੍ਰਤੀਸ਼ਤ 99.72 ਰਹੀ। ਜ਼ਿਲ੍ਹੇ ਵਿੱਚ ਕੁੱਲ 5315 ਵਿਦਿਆਰਥੀਆਂ ਨੇ ਪੰਜਵੀਂ ਜਮਾਤ ਦੀ ਸਲਾਨਾ ਪ੍ਰੀਖਿਆ ਵਿੱਚ ਬੈਠੇ ਤੇ 5300 ਬੱਚੇ ਪਾਸ ਹੋਣ ਵਿੱਚ ਸ.ਫ਼ਲ ਰਹੇ। ਉਹਨਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਕੁੱਲ 11 ਵਿਦਿਆਰਥੀਆਂ ਏਕਮ ਸਿੰਘ ਗਿੱਲ, ਗੁਰਵਿੰਦਰ ਸਿੰਘ, ਰਾਜਪ੍ਰੀਤ ਸਿੰਘ, ਸੁਖਮਨਦੀਪ ਕੌਰ, ਸੁਖਮਨੀ ਕੌਰ, ਅਮਨਜੋਤ ਕੌਰ, ਕਨਿਕਾ, ਸਾਇਨਾ, ਹਰਪ੍ਰੀਤ ਕੌਰ, ਸਾਂਚੀ ਦੇਵੀ ਤੇ ਗੁਰਲੀਨ ਕੌਰ ਨੇ 100 ਵਿੱਚੋਂ 100 ਨੰਬਰ ਪ੍ਰਾਪਤ ਕਰਦਿਆਂ ਮੈਰਿਟ ਵਿੱਚ ਆਪਣਾ ਸਥਾਨ ਬਣਾਇਆ ਹੈ ਉਹਨਾਂ ਦੱਸਿਆ ਕਿ ਪ੍ਰੀਖਿਆ ਵਿੱਚ ਸ.ਫ਼ਲ ਨਾ ਹੋਣ ਵਾਲੇ ਵਿਦਿਆਰਥੀਆਂ ਲਈ ਦੋ ਮਹੀਨੇ ਬਾਅਦ ਵਿਭਾਗ ਵੱਲੋਂ ਸਪਲੀਮੈਂਟਰੀ ਪ੍ਰੀਖਿਆ ਦੇਣ ਦਾ ਮੌਕਾ ਦਿੱਤਾ ਜਾਵੇਗਾ। ਜ਼ਿਲ੍ਹਾ ਸਿੱਖਿਆ ਅ.ਫ਼ਸਰ ਇੰਦੂ ਸਿਮਕ, ਉੱਪ ਜ਼ਿਲ੍ਹਾ ਸਿੱਖਿਆ ਅ.ਫ਼ਸਰ ਵਸੁੰਧਰਾ ਕਪਿਲਾ, ਬਲਾਕ ਪ੍ਰਾਇਮਰੀ ਸਿੱਖਿਆ ਅਧਿਕਾਰੀ ਹਰਿੰਦਰ ਬਰਾੜ ਅਤੇ ਗੁਰਦੀਪ ਸਿੰਘ ਨੇ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਅਤੇ ਪਾਸ ਆਉਣ ਵਾਲੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਉਹਨਾਂ ਜ਼ਿਲ੍ਹੇ ਦੇ ਸਮੂਹ ਅਧਿਆਪਕਾਂ ਨੂੰ ਮੁਬਾਰਕਬਾਦ ਦਿੰਦੇ ਹੋਏ ਅੱਗੇ ਤੋਂ ਹੋਰ ਵੀ ਮਿਹਨਤ ਨਾਲ ਬੱਚਿਆਂ ਨੂੰ ਪੜ੍ਹਾਉਣ ਲਈ ਪ੍ਰੇਰਿਤ ਕੀਤਾ।



## ਮੁਕੇਰੀਆ ਸ਼ਹਿਰ ਅੰਦਰ ਚਾਇਨਾ ਡੋਰ ਅਤੇ ਸਿੰਗਲ ਯੂਜ ਪਲਾਸਟਿਕ ਦੀ ਰੋਕਥਾਮ ਲਈ ਛਾਪੇਮਾਰੀ

ਮੁਕੇਰੀਆਂ, 3 ਅਪ੍ਰੈਲ (ਇੰਦਰਜੀਤ ਵਰਿਕਿਆ)- ਪੰਜਾਬ ਪ੍ਰਦੂਸਣ ਕੰਟਰੋਲ ਬੋਰਡ,ਹੁਸ਼ਿਆਰਪੁਰ ਦੇ ਅਡੀਸਨਲ ਅਸਿਸਟੈਂਟ ਇੰਜੀਨੀਅਰ ਸਿਵ ਕੁਮਾਰ ਅਤੇ ਸਹਾਇਕ ਇੰਨਵਾਇਰਨਮੈਂਟਲ ਇੰਜੀਨੀਅਰ ਜਤਿੰਦਰ ਕੁਮਾਰ ਵੱਲੋਂ ਅੱਜ ਮੁਕੇਰੀਆ ਸ਼ਹਿਰ ਅੰਦਰ ਚਾਇਨਾ ਡੋਰ ਅਤੇ ਸਿੰਗਲ ਯੂਜ ਪਲਾਸਟਿਕ ਦੀ ਰੋਕਥਾਮ ਲਈ ਛਾਪੇਮਾਰੀ ਕੀਤੀ ਗਈ। ਇਸ ਮੌਕੇ ਸ਼ਹਿਰ ਅੰਦਰ ਵੱਖ-ਵੱਖ ਦੁਕਾਨਾ ਦੀ ਚੈਕਿੰਗ ਕੀਤੀ ਗਈ ।ਚੈਕਿੰਗ ਦੌਰਾਨ ਸਿੰਗਲ ਯੂਜ ਪਲਾਸਿਟਕ ਜਬਤ ਕੀਤੀ ਗਈ ਜਦ ਕਿ ਕਿਸੇ ਵੀ ਦੁਕਾਨ ਪਾਸੋ ਚਾਇਨਾ ਡੋਰ ਨਹੀ ਪਾਈ ਗਈ। ਉਕਤ ਅਧਿਕਾਰੀਆ ਵੱਲੋਂ ਮੁਕੇਰੀਆ ਸ਼ਹਿਰ ਅੰਦਰ ਸਿੰਗਲ ਯੂਜ ਪਲਾਸਟਿਕ ਅਤੇ ਚਾਇਨਾ ਡੋਰ ਵੇਚਣ ਵਾਲੇ ਦੁਕਾਨਦਾਰਾ ਨੂੰ ਸਿੰਗਲ ਯੂਜ ਅਤੇ ਚਾਇਨਾ ਡੋਰ ਵੇਚਣ ਦੇ ਨੁਕਸਾਨ ਬਾਰੇ ਜਾਣੂ ਕਰਵਾਇਆ ਗਿਆ ਅਤੇ ਹਦਾਇਤ ਕੀਤੀ ਗਈ ਸ਼ਹਿਰ ਦੇ ਨਾਗਰਿਕਾ ਦੀ ਸਿਹਤ ਨੂੰ ਮੱਦੇਨਜ਼ਰ ਰੱਖਦੇ ਹੋਏ ਸਿੰਗਲ ਯੂਜ ਪਲਾਸਟਿਕ ਅਤੇ ਚਾਇਨਾ ਡੋਰ ਨਾ ਵੇਚੀ ਜਾਵੇ ਨਹੀ ਤਾਂ ਆਪ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।ਇਸ ਮੋਕੇ ਤੇ ਨਗਰ ਕੌਂਸਲ ,ਮੁਕੇਰੀਆ ਦੇ ਸੁਪਰਡੈਂਟ ਬਲਵਿੰਦਰ ਸਿੰਘ ,ਸੈਨਟਰੀ ਇੰਚਾਰਜ ਅਸੋਕ ਕੁਮਾਰ ,ਨਿਖਲੇਸ਼ ਕੁਮਾਰ, ਨਵਦੀਪ ਕੁਮਾਰ ਅਤੇ ਵਿਨੋਦ ਕੁਮਾਰ ਵੀ ਮੌਜੂਦ ਸਨ।



### ਲੋਕ ਸਭਾ ਚੋਣਾਂ ਪੰਜਾਬ -2024



## ਦਲ-ਬਦਲੂਆਂ ਨੂੰ ਟਿਕਟਾਂ ਦੇ ਮਿਲ ਰਹੇ ਹਨ ਗੱਫੇ, ਟਕਸਾਲੀ ਆਗੂ ਖਫਾ

**ਧੜਾ ਧੜ ਪਾਰਟੀਆਂ ਉਹਨਾਂ ਦੇ ਗਲ ਵਿੱਚ ਪਟਕਾ ਪਾ ਕੇ ਆਪਣੇ ਪਾਰਟੀ ਵਿੱਚ ਸ਼ਾਮਿਲ ਕਰਨ ਲਈ ਕਾਹਲੀਆਂ ਹੋ ਜਾਂਦੀਆਂ ਹਨ...**

**ਰਾਜਿੰਦਰ ਪ੍ਰਸਾਦ ਸਿੰਗਲਾ ਦੀ ਵਿਸ਼ੇਸ਼ ਰਿਪੋਰਟ**

ਬਰਨਾਲਾ, 3 ਅਪ੍ਰੈਲ : ਚੋਣਾਂ ਦੇ ਦੌਰ ਵਿੱਚ ਟਿਕਟਾਂ ਦੇ ਲਾਲਚ ਨਾਲ ਇੱਕ ਪਾਰਟੀ ਤੋਂ ਦੂਜੀ ਪਾਰਟੀ ਵਿੱਚ ਟਪੂਸੀ ਮਾਰਨ ਵਾਲੇ ਦਲ ਬਦਲੂਆਂ ਦੇ ਬਾਰੇ ਨਿਆਰੇ ਹੋ ਜਾਂਦੇ ਹਨ। ਉਹਨਾਂ ਦਾ ਪਾਰਟੀ ਵਿੱਚ ਸ਼ਾਮਿਲ ਕਰਨ ਵਾਲੇ ਆਗੂਆਂ ਵੱਲੋਂ ਲੋਕ ਸਭਾ ਚੋਣਾਂ ਦੇ ਟਿਕਟ ਨਾਲ ਸਵਾਗਤ ਕੀਤਾ ਜਾ ਰਿਹਾ ਹੈ। ਆਪਣੀ ਪਾਰਟੀ ਦੇ ਮਿਹਨਤੀ ਅਤੇ ਟਕਸਾਲੀ ਆਗੂਆਂ ਨੂੰ ਪਿੱਛੇ ਧੱਕ ਕੇ ਇਕ ਪਾਰਟੀ ਨਾਲ ਦਗਾ ਕਮਾ ਕੇ ਦੂਜੀ ਪਾਰਟੀ ਵਿੱਚ ਪੈਰ ਰੱਖਣ ਵਾਲੇ ਦਲ ਬਦਲੂਆਂ ਦੀ ਪੁੱਛ ਵੱਧ ਹੋ ਰਹੀ ਹੈ। ਜਿਸ ਕਾਰਨ ਪਾਰਟੀ ਦੇ ਟਕਸਾਲੀ ਆਗੂ ਆਪਣੀ ਹਾਈ ਕਮਾਨ ਨਾਲ ਡਾਢੇ ਖਫਾ ਹਨ। ਆਪਣਾ ਨਾਮ ਨਾ ਦੱਸ ਕੇ ਪਾਰਟੀ ਆਗੂਆਂ ਪ੍ਰਤੀ ਆਪਣੀ ਭੜਾਸ ਕੱਢ ਰਹੇ ਹਨ। ਉਹਨਾਂ ਦਾ ਕਹਿਣਾ ਹੈ ਕਿ ਸਾਰੀ ਉਮਰ ਪਾਰਟੀ ਨੂੰ ਸਮਰਪਣ ਕਰਨ ਵਾਲੇ ਬੇਦਾਗ ਲੀਡਰਾਂ ਤੇ ਭਰੋਸਾ ਨਾ ਕਰਕੇ ਦੂਜੀ ਪਾਰਟੀ ਤੋਂ ਆਏ ਦਗਾਵਾਜ ਆਗੂਆਂ ਤੇ ਵਿਸ਼ਵਾਸ ਕੀਤਾ ਜਾ ਰਿਹਾ ਹੈ। ਜਿਸ ਦੇ ਚਲਦੇ ਪਾਰਟੀ ਵਰਕਰਾਂ ਵਿੱਚ ਭਾਰੀ ਨਿਰਾਸ਼ਾ ਪਾਈ ਜਾ ਰਹੀ ਹੈ। ਉਹਨਾਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਕਾਨੂੰਨ ਬਣਾ ਕੇ ਦਲ ਬਦਲੀ ਤੇ ਪਾਬੰਦੀ ਲੱਗਣੀ ਚਾਹੀਦੀ ਹੈ ਤਾਂ ਕਿ ਪਾਰਟੀ ਵਿੱਚ ਵਿਚਰ ਰਹੇ ਟਕਸਾਲੀ ਆਗੂਆਂ ਦਾ ਮਾਣ ਸਤਿਕਾਰ ਪਾਰਟੀ ਵਿੱਚ ਬਣਿਆ ਰਹੇ ਅਤੇ ਉਹ ਆਪਣੀ ਪਾਰਟੀ ਲਈ ਦਿਲ ਖੋਲ ਕੇ ਮਿਹਨਤ ਕਰ ਸਕਣ।

### ਦਲ ਬਦਲੀ ਕਰਨ ਵਾਲਾ ਕਦੇ ਵੀ ਪਾਰਟੀ ਪ੍ਰਤੀ ਵਫਾਦਾਰ ਨਹੀਂ ਹੋ ਸਕਦੈ

**ਟਕਸਾਲੀ ਆਗੂਆਂ ਦਾ ਕਹਿਣਾ ਹੈ ਕਿ ਦਲ ਬਦਲੀ ਕਰਨ ਵਾਲਾ ਕਦੇ ਵੀ** ਪਾਰਟੀ ਪ੍ਰਤੀ ਵਫਾਦਾਰ ਨਹੀਂ ਹੋ ਸਕਦਾ ਪਹਿਲਾ ਪਾਰਟੀ ਪ੍ਰਤੀ ਬੁਰਾ ਭਲਾ ਕਹਿਣ ਵਾਲਾ ਵਿਅਕਤੀ ਪਾਰਟੀ ਦੇ ਭਲੇ ਲਈ ਨਹੀਂ ਸੋਚ ਸਕਦਾ ਉਹ ਸਿਰਫ ਆਪਣੀ ਕੁਰਸੀ ਦੇ ਲਾਲਚ ਲਈ ਪਾਰਟੀਆਂ ਬਦਲਦਾ ਰਹਿੰਦਾ ਹੈ ਪਰ ਪਾਰਟੀਆਂ ਦਲ ਬਦਲੂਆਂ ਤੇ ਜਿਆਦਾ ਤਵੱਜੋ ਦਿੰਦੀਆਂ ਹਨ ਅਤੇ ਉਹਨਾਂ ਨੂੰ ਪਾਰਟੀ ਵਿੱਚ ਸ਼ਾਮਿਲ ਕਰਨ ਸਮੇਂ ਹੀ ਆਉਂਦਿਆਂ ਨੂੰ ਅਹੁਦੇ ਥਾਲੀ ਵਿੱਚ ਪਰੋਸ ਕੇ ਦੇ ਦਿੱਤੇ ਜਾਂਦੇ ਹਨ ਜਿਸ ਕਾਰਨ ਦਲ ਬਦਲੀ ਨੂੰ ਉਤਸਾਹ ਮਿਲਦਾ ਹੈ ਅਤੇ ਚੋਣਾਂ ਆਉਣ ਤੇ ਦਲ ਬਦਲੂਆਂ ਦਾ ਹੜ ਆ ਜਾਂਦਾ ਹੈ। ਧੜਾ ਧੜ ਪਾਰਟੀਆਂ ਉਹਨਾਂ ਦੇ ਗਲ ਵਿੱਚ ਪਟਕਾ ਪਾ ਕੇ ਆਪਣੇ ਪਾਰਟੀ ਵਿੱਚ ਸ਼ਾਮਿਲ ਕਰਨ ਲਈ ਕਾਹਲੀਆਂ ਹੋ ਜਾਂਦੀਆਂ ਹਨ। ਜਿਸ ਕਾਰਨ ਪਾਰਟੀ ਵਿੱਚ ਅੰਦਰੂਨੀ ਕਲੇਸ਼ ਵਧ ਜਾਂਦੇ ਹਨ ਟਕਸਾਲੀ ਆਗੂ ਪਾਰਟੀ ਆਗੂਆਂ ਪ੍ਰਤੀ ਆਪਣਾ ਗੁੱਸਾ ਚੋਣਾ ਵਿੱਚ ਕੱਢਦੇ ਹਨ। ਜਿਸ ਨਾਲ ਚੋਣਾਂ ਦੇ ਨਤੀਜੇ ਹੈਰਾਨੀ ਜਨਕ ਹੋ ਜਾਂਦੇ ਹਨ।

### ਨੌਜਵਾਨ ਆਪਣੇ ਵੋਟ ਦੇ ਅਧਿਕਾਰ ਦੀ ਜ਼ਰੂਰ ਕਰਨ ਵਰਤੋਂ : ਏ.ਡੀ.ਸੀ ਰਾਹੁਲ ਚਾਬਾ

## ਸਪੋਰਟਸ ਮੀਟ ਮੌਕੇ ਵਿਦਿਆਰਥੀਆਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਕੀਤਾ ਜਾਗਰੂਕ



ਹੁਸ਼ਿਆਰਪੁਰ, 4 ਅਪ੍ਰੈਲ (ਬਲਵੀਰ ਸਿੰਘ ਸੈਣੀ)-ਜ਼ਿਲ੍ਹਾ ਚੋਣ ਅ.ਫ਼ਸਰ-ਕਮ-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਅਗਵਾਈ ਵਿਚ ਪੂਰੇ ਜ਼ਿਲ੍ਹੇ ਵਿਚ ਵੋਟਰਾਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰਨ ਲਈ ਸਵੀਪ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ ਅਤੇ ਹਰ ਵਿਧਾਨ ਸਭਾ ਹਲਕੇ ਵਿਚ ਵੋਟਰਾਂ ਨੂੰ ਜਾਗਰੂਕ ਕਰਨ ਲਈ ਸਹਾਇਕ ਰਿਟਰਨਿੰਗ ਅ.ਫ਼ਸਰਾਂ ਵਲੋਂ ਭਰਪੂਰ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਵਿਚ ਅੱਜ ਰਿਆਤ-ਬਾਹਰਾ ਗਰੁੱਪ ਆਫ਼ ਇੰਸਟੀਚਿਊਟਸ ਹੁਸ਼ਿਆਰਪੁਰ ਵਿਖੇ ਆਯੋਜਿਤ ਸਾਲਾਨਾ ਸਪੋਰਟਸ ਮੀਟ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ, ਸਹਾਇਕ ਕਮਿਸ਼ਨਰ ਦਿਵਿਆ ਪੀ, ਐਸ.ਪੀ ਮੇਜਰ ਸਿੰਘ, ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਅਤੇ ਜ਼ਿਲ੍ਹਾ ਸਵੀਪ ਨੋਡਲ ਅ.ਫ਼ਸਰ ਪ੍ਰੀਤ ਕੋਹਲੀ ਦੀ ਅਗਵਾਈ ਵਿਚ ਸਵੀਪ ਗਤੀਵਿਧੀਆਂ ਤਹਿਤ ਵਿਦਿਆਰਥੀਆਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕੀਤਾ ਗਿਆ। ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨੇ ਇਸ ਮੌਕੇ ਵਿਦਿਆਰਥੀਆਂ ਅਤੇ ਆਮ ਜਨਤਾ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰਦੇ ਹੋਏ ਵੋਟ ਦੇ ਇਸ ਮਹਾ ਪਰਵ ਵਿਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੌਜਵਾਨਾਂ ਨੂੰ ਆਪਣੀ ਵੋਟ ਪ੍ਰਤੀ ਜਾਗਰੂਕ ਕਰਦੇ ਹੋਏ ਲੋਕਤੰਤਰ ਵਿਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਇਕ ਮਜ਼ਬੂਤ ਲੋਕਤੰਤਰ ਦੇ ਨਿਰਮਾਣ ਵਿਚ ਯੁਵਾ ਵਰਗ ਦੀ ਇਕ ਮਹੱਤਵਪੂਰਨ ਭੂਮਿਕਾ ਹੈ। ਉਨ੍ਹਾਂ ਕਿਹਾ ਕਿ ਸਵੀਪ ਦੀਆਂ ਇਨ੍ਹਾਂ ਗਤੀਵਿਧੀਆਂ ਰਾਹੀਂ ਹਰ ਵਰਗ ਤੱਕ ਪਹੁੰਚ ਕੀਤੀ ਜਾ ਰਹੀ ਹੈ, ਤਾਂ ਜੋ ਲੋਕ ਸਭਾ ਚੋਣਾਂ-2024 ਦੌਰਾਨ ਜ਼ਿਲ੍ਹੇ ਵਿਚ ਵੋਟ ਪ੍ਰਤੀਸ਼ਤ ਨੂੰ ਵਧਾਇਆ ਜਾ ਸਕੇ। ਇਸ ਮੌਕੇ ਜ਼ਿਲ੍ਹਾ ਸਵੀਪ ਨੋਡਲ ਅ.ਫ਼ਸਰ ਪ੍ਰੀਤ ਕੋਹਲੀ ਨੇ ਰਿਆਤ-ਬਾਹਰਾ ਗਰੁੱਪ ਆਫ਼ ਇੰਸਟੀਚਿਊਟਸ ਦੇ ਵਿਦਿਆਰਥੀਆਂ ਅਤੇ ਆਮ ਜਨਤਾ ਨੂੰ ਵੋਟ ਪਾਉਣ ਦੀ ਸਹੁੰ ਚੁਕਾਈ ਕਿ ਉਹ 1 ਜੂਨ 2024 ਨੂੰ ਆਪਣੇ ਵੋਟ ਦੇ ਅਧਿਕਾਰ ਦੀ ਜ਼ਰੂਰ ਵਰਤੋਂ ਕਰਨਗੇ। ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਵਿਸ਼ਵਾਸ ਦਿਵਾਇਆ ਕਿ ਰਿਆਤ-ਬਾਹਰਾ ਗਰੁੱਪ ਵਲੋਂ ਸਾਰੇ ਯੋਗ ਵੋਟਰ ਆਪਣੇ ਵੋਟ ਦੇ ਅਧਿਕਾਰ ਦਾ ਜ਼ਰੂਰ ਵਰਤੋ. ਕਰਨਗੇ। ਉਨ੍ਹਾਂ ਦੱਸਿਆ ਕਿ ਵੋਟਾਂ ਪ੍ਰਤੀ ਜਾਗਰੂਕ ਕਰਨ ਲਈ ਗਰੁੱਪ ਵਲੋਂ ਲਗਾਤਾਰ ਗਤੀਵਿਧੀਆਂ ਵੀ ਕਰਵਾਈਆਂ ਜਾ ਰਹੀਆਂ ਹਨ। ਇਸ ਮੌਕੇ ਪ੍ਰਸਿੱਧ ਸਾਈਕਲਿਸਟ ਬਲਰਾਜ ਸਿੰਘ ਚੌਹਾਨ, ਗਰੁੱਪ ਦੇ ਵਾਈਸ ਪ੍ਰੈਜ਼ੀਡੈਂਟ ਪੰਕਜ ਵਰਮਾ, ਹਰਿੰਦਰ ਸਿੰਘ ਗਿੱਲ, ਸਹਾਇਕ ਲੋਕ ਸੰਪਰਕ ਅ.ਫ਼ਸਰ ਲੋਕੇਸ਼ ਕੁਮਾਰ, ਡਾ. ਮੀਨਾਕਸ਼ੀ ਐਸ. ਚਾਂਦ, ਡਾ. ਰੰਗਨਾਥ ਸਿੰਘ, ਡਾ. ਪਲਵੀ ਪੰਡਿਤ, ਡਾ. ਜਿਓਤਸਨਾ, ਡਾਇਰੈਕਟਰ ਪ੍ਰਸ਼ਾਸਨ ਕੁਲਦੀਪ ਸਿੰਘ ਰਾਣਾ, ਰਜਿੰਦਰ ਮੈਡੀ, ਹਰਿੰਦਰ ਜਸਵਾਲ, ਗੁਰਪ੍ਰੀਤ ਬੇਦੀ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

## ਸਾਬਕਾ ਵਿਧਾਇਕ ਪੱਟੀ ਅਤੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਹਰਮਿੰਦਰ ਸਿੰਘ ਗਿੱਲ ਨੂੰ ਸਦਮਾ, ਸੱਸ ਮਾਂ ਦਾ ਦਿਹਾਂਤ



ਪੱਟੀ, 3 ਅਪ੍ਰੈਲ (ਅਮਰਜੀਤ ਕਾਲੇਕੇ, ਸੰਜੀਵ ਸ਼ਰਮਾ )- ਹਰਮਿੰਦਰ ਸਿੰਘ ਗਿੱਲ ਸਾਬਕਾ ਐਮ ਐਲ ਏ ਪੱਟੀ ਅਤੇ ਜ਼ਿਲ੍ਹਾ ਪ੍ਰਧਾਨ ਕਾਂਗਰਸ ਕਮੇਟੀ ਤਰਨਤਾਰਨ ਦੇ ਸੱਸ ਮਾਂ ਅਤੇ ਪਰਮਜੀਤ ਕੌਰ ਦੀ ਮਾਤਾ ਗੁਰਦਿਆਲ ਕੌਰ ਦੇ ਅਕਾਲ ਚਲਾਣਾ ਕਰ ਜਾਣ 'ਤੇ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਚੇਅਰਮੈਨ ਸੁੱਖਵਿੰਦਰ ਸਿੰਘ ਸਿੱਧੂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਕਿਹਾ ਕਿ ਮਾਤਾ ਗੁਰਦਿਆਲ ਕੌਰ ਇੱਕ ਨੇਕ ਰੂਹ ਸਨ ਅਤੇ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਗੁਰਮਰਿਆਦਾ ਅਨੁਸਾਰ ਸੱਚਾ ਸੁੱਚਾ ਜੀਵਨ ਬਸਰ ਕਰਨ ਦਾ ਰਾਹ ਦੱਸਿਆ। ਉਨ੍ਹਾਂ ਦੀ ਮੌਤ ਨਾਲ ਹਰਮਿੰਦਰ ਸਿੰਘ ਗਿੱਲ, ਪਰਮਜੀਤ ਕੌਰ ਗਿੱਲ ਅਤੇ ਸਮੂਹ ਮਾਣੂੰਕੇ ਪਰਿਵਾਰ ਨੂੰ ਵੀ ਵੱਡਾ ਘਾਟਾ ਪਿਆ ਹੈ ਕਿਉਂਕਿ ਉਹ ਹਰ ਔਖੀ ਘੜੀ ਵਿੱਚ ਸ੍ਰ ਗਿੱਲ ਦਾ ਮਾਰਗਦਰਸ਼ਨ ਕਰਦੇ ਸਨ ਅਤੇ ਉਨ੍ਹਾਂ ਨੂੰ ਸਬਰ ਤੇ ਸਿਦਕ ਨਾਲ ਆਈ ਹੋਈ ਮੁਸ਼ਿਕਲ ਦਾ ਸਾਹਮਣਾ ਕਰਨ ਲਈ ਪ੍ਰੇਰਨਾ ਦਿੰਦੇ ਸਨ। ਇਸ ਮੌਕੇ 'ਤੇ ਉਨ੍ਹਾਂ ਦੇ ਨਾਲ ਨਗਰ ਕੌਂਸਲ ਪੱਟੀ ਦੇ ਸਾਬਕਾ ਪ੍ਰਧਾਨ ਦਲਬੀਰ ਸਿੰਘ ਸੇਖੋਂ, ਯੂਥ ਕਾਂਗਰਸੀ ਆਗੂ ਹਰਮਨ ਸੇਖੋਂ, ਕਾਂਗਰਸ ਕਮੇਟੀ ਤਰਨਤਾਰਨ ਦੇ ਜ਼ਿਲ੍ਹਾ ਪ੍ਰੈਸ ਤੇ ਮੀਡੀਆ ਇੰਚਾਰਜ ਬਰਕਤ ਸਿੰਘ ਵੋਹਰਾ, ਐਡਵੋਕੇਟ ਕੌਂਸਲਰ ਜਗਮੀਤ ਸਿੰਘ ਭੁੱਲਰ, ਕੌਂਸਲਰ ਹਰਜਿੰਦਰ ਸਿੰਘ ਬੌਬੀ, ਕਾਂਗਰਸ ਕਮੇਟੀ ਪੱਟੀ ਦੇ ਸ਼ਹਿਰੀ ਪ੍ਰਧਾਨ ਵਿਜੇ ਕੁਮਾਰ ਸ਼ਰਮਾ, ਰਣਜੀਤ ਸਿੰਘ ਰਾਣਾ ਬੁੱਟਰ, ਸੁਖਵਿੰਦਰ ਸਿੰਘ ਸਿੱਧੂ ਸੰਗਵਾਂ, ਮਨਜੀਤ ਸਿੰਘ ਲਾਟੀ ਸਰਪੰਚ ਕਾਲੇਕੇ, ਬਲਾਕ ਪ੍ਰਧਾਨ ਨਵਰੀਤ ਸਿੰਘ ਜੱਲ੍ਹੇਵਾਲ, ਹਰਜਿੰਦਰ ਸਿੰਘ ਸਰਪੰਚ ਚੰਬਲ ਅਤੇ ਡਾਕਟਰ ਮਨਜੀਤ ਸਿੰਘ ਮਰਿਹਾਣਾ ਵੀ ਮੌਜੂਦ ਸਨ ।



# ਸਟਿੰਗ ਆਪ੍ਰੇਸ਼ਨ

e-mail : stingnews24@gmail.com
www.stingoperation.us

ਜਲੰਧਰ । ਵੀਰਵਾਰ, 4 ਅਪ੍ਰੈਲ 2024








## ਇੱਕ ਨਜ਼ਰ



## लोकसभा चुनाव में आप की शानदार जीत में विशेष रोल अदा करेगीं महिलाएं: अरूण नारंग

अबोहर, 3 अप्रैल (विनीत मुटनेजा): आप के हलका इंचार्ज अरूण नारंग को गत दिवस उस समय बडी सफलता मिली जब शहर के वार्ड नंबर 32 से दर्जनों महिलाओं ने आप की नीतियों से प्रभावित होकर आम आदमी पार्टी का दामन थामा। जिन्हें हल्का इंचार्ज अरूण नारंग ने पार्टी में शामिल करते हुए उनका अभिनंदन किया। इस मौके पर अरूण नारंग के साथ भीम प्रजापत, राजिन्द्र डब्बू, मदन लाल खरेरा, राजीव बोस व धीरज ढिलोढ मौजूद थे। आप पार्टी में वार्ड नंबर 32 की इन महिलाओं रजनीबाला, मीरां देवी, ममता रानी, बिमला देवी, नीता रानी, बिंटू रानी, अंजू रानी, रेखा रानी, शीतल, नीलम रानी, संध्या रानी, लाली देवी, सविता देवी, संतोष रानी व सोमा रानी को शामिल करते हुए अरूण नारंग ने कहा कि इन लोकसभा चुनावों में नारी शक्ति का विशेष योगदान रहेगा जिनके बलबूते पर आप पार्टी शानदार जीत हासिल करेगी। अरूण नारंग ने कहा कि राजय के मुख्यमंत्री भगवंत मान द्वारा महिलाओ की बेहतर शिक्षा के लिए जहां स्कूलों का हर प्रकर की सुविधाएं देकर हाईटैक किया जा रहा है वहीं उन्हें बेहतर स्वास्थ्य लाभ देने के लिए मोहल्ला क्लीनिकों का निर्माण किया गया है ताकि घरों के निकट ही उन्हें सेहत सुविधाएं मिल सकें।

## ਬੇਲਾ ਕਾਲਜ ਦੇ ਬਾਇਓਟੈਕਨੋਲਜੀ ਅਤੇ ਫੂਡ ਪ੍ਰੋਸੈਸਿੰਗ ਵਿਭਾਗ ਨੇ ਕਰਵਾਇਆ ਵਿੱਦਿਅਕ ਦੌਰਾ



ਸ਼੍ਰੀ ਚਮਕੌਰ ਸਾਹਿਬ, 3 ਅਪ੍ਰੈਲ (ਅੰਮ੍ਰਿਤ)– ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰਿਅਲ ਕਾਲਜ ਬੇਲਾ ਦੇ ਬਾਇਓਟੈਕਨੋਲਜੀ ਅਤੇ ਫੂਡ ਪ੍ਰੋਸੈਸਿੰਗ ਵਿਭਾਗ ਦੇ ਵਿਦਿਆਰਥੀਆਂ ਨੇ ਵਿੱਦਿਅਕ ਟੂਰ ਦੇ ਤਹਿਤ ਕੁਰੂਕਸ਼ੇਤਰ ਦੇ ਕਲਪਨਾ ਚਾਵਲਾ ਪਲੇਨਟੇਰੀਅਮ, ਪੈਨੋਰਮਾ ਵਿਗਿਆਨ ਕੇਂਦਰ ਅਤੇ ਕ੍ਰਿਸ਼ਨਾ ਮਿਊਜ਼ੀਅਮ ਦਾ ਦੌਰਾ ਕੀਤਾ। ਇਸ ਇੱਕ ਦਿਨਾਂ ਟੂਰ ਵਿੱਚ ਵਿਭਾਗ ਦੇ 38 ਦੇ ਕਰੀਬ ਵਿਦਿਆਰਥੀਆਂ ਨੇ ਸ਼ਮੂਲੀਅਨ ਕੀਤੀ। ਇਸ ਮੌਕੇ ਵਿੱਦਿਅਕ ਦੌਰਿਆਂ ਦੀ ਮਹੱਤਤਾ ਸੰਬੰਧੀ ਜਾਣਕਾਰੀ ਦਿੰਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਜੀ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਤਜਰਬੇ ਆਧਾਰਿਤ ਸਿੱਖਿਆ ਨੂੰ ਸਮਝਣ ਲਈ ਵਿੱਦਿਅਕ ਦੌਰੇ ਬੇਸ਼ੁਮਾਰ ਮੌਕੇ ਪ੍ਰਦਾਨ ਕਰਦੇ ਹਨ। ਉਨ੍ਹਾਂ ਨੇ ਦੱਸਿਆ ਕਿ ਬੇਲਾ ਕਾਲਜ ਦੇ ਹਰ ਵਿਭਾਗ ਵੱਲੋਂ ਹਰ ਵਰੇ ਵਿੱਦਿਅਕ ਦੌਰਾ ਵਿਸ਼ੇ ਆਧਾਰਿਤ ਲੋੜਾਂ ਨੂੰ ਧਿਆਨ ਦੇ ਕੇ ਰੱਖਿਆ ਜਾਂਦਾ ਹੈ। ਇਸ ਮੌਕੇ ਵਿਭਾਗ ਦੇ ਮੁਖੀ ਡਾ.ਮਮਤਾ ਅਰੋੜਾ ਨੇ ਦੱਸਿਆ ਕਿ ਇਹ ਯਾਤਰਾਵਾਂ ਵਿਦਿਆਰਥੀਆਂ ਨੂੰ ਅਸਲ ਜੀਵਨ ਦੀਆਂ ਸਥਿਤੀਆਂ ਤੋ ਜਾਣੂ ਕਰਵਾਉਂਦੀਆਂ ਹਨ ਅਤੇ ਉਹਨਾਂ ਨੂੰ ਅਲੋਚਨਾਤਮਕ ਸੋਚ ਤੇ ਹੁਨਰ ਪ੍ਰਦਾਨ ਕਰਦੀਆਂ ਹਨ। ਇਸ ਦੌਰਾਨ ਵਿਦਿਆਰਥੀਆਂ ਨੂੰ ਇਨ੍ਹਾਂ ਥਾਵਾਂ ਦੇ ਇਤਿਹਾਸ,ਅਧਿਆਤਮਕ ਮਹੱਤਵ, ਕੁਦਰਤੀ ਚੌਗਿਰਦੇ ਅਤੇ ਵਿਗਿਆਨ ਦੇ ਅਦਭੁਤ ਪਹਿਲੂਆਂ ਬਾਰੇ ਜਾਣਕਾਰੀ ਮਿਲੀ। ਇਸ ਮੌਕੇ ਬਾਇਓਟੈਕਨੋਲਜੀ ਤੇ ਫੂਡ ਪ੍ਰਸੈਸਿੰਗ ਵਿਭਾਗ ਦੇ ਅਧਿਆਪਕ ਪ੍ਰੋ.ਮਨਪ੍ਰੀਤ ਕੌਰ, ਪ੍ਰੋ. ਜਸਪ੍ਰੀਤ ਕੌਰ, ਪ੍ਰੋ. ਨਵਜੋਤ ਭਾਰਤੀ, ਪ੍ਰੋ.ਹਰਸ਼ਿਤਾ, ਪ੍ਰੋ. ਗੁਰਵਿੰਦਰ ਕੌਰ, ਪ੍ਰੋ. ਗੁਰਪ੍ਰੀਤ ਕੌਰ, ਡਾ.ਬਿਨੈਪ੍ਰੀਤ ਕੌਰ, ਡਾ.ਗੀਮਾ ਦੇਵੀ, ਲੈਬ ਅਮਨਦੀਪ ਸਿੰਘ ਅਤੇ ਸਰਬਜੀਤ ਕੌਰ ਮੌਜੂਦ ਸਨ।

## ਬਜ਼ੁਰਗ ਨਾਲ ਕੀਤੇ ਦੁਰਵਿਹਾਰ ਦੇ ਮਾਮਲੇ ਵਿੱਚ 8 ਤਰੀਕ ਨੂੰ ਜਥੇਬੰਦੀਆਂ ਦਾ ਵਫਦ ਡੀ.ਆਈ. ਜੀ.ਲੁਧਿਆਣਾ ਨੂੰ ਮਿਲੇਗਾ: ਰੁਪਾਲੋਂ

ਖੰਨਾ, 3 ਅਪ੍ਰੈਲ (ਓਂਮਕਾਰ ਸਿੰਘ ਸੱਤੂ)–ਪਿਛਲੇ ਦਿਨਾਂ ਵਿੱਚ ਸਮਰਾਲਾ ਦੇ ਰਹਿ ਚੁੱਕੇ ਡੀਐਸਪੀ ਜਸਪਿੰਦਰ



ਸਿੰਘ ਗਿੱਲ ਵੱਲੋਂ ਸਮਰਾਲਾ ਦੇ ਰਹਿਣ ਵਾਲੇ ਇੱਕ ਸਮਾਜ ਸੇਵੀ ਬਜ਼ੁਰਗ ਆਗੂ ਸਰਬਜੀਤ ਸਿੰਘ ਪੱਪੀ ਨਾਲ ਇੱਕ ਪਲਾਟ ਦੇ ਮਾਮਲੇ ਵਿੱਚ ਦੁਰਵਿਹਾਰ ਕੀਤਾ ਗਿਆ ਸੀ ਅਤੇ ਉਸ ਦੇ ਪਲਾਟ ਉੱਤੇ ਨਜਾਇਜ਼ ਕਬਜ਼ਾ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਸੀ ਜਿਸ ਦੇ ਸਬੰਧ ਵਿੱਚ ਵੱਖ-ਵੱਖ ਜਥੇਬੰਦੀਆਂ ਵੱਲੋਂ ਡੀਐਸਪੀ ਜਸਪਿੰਦਰ ਸਿੰਘ ਗਿੱਲ ਖਿਲਾਫ ਐਸ ਐਸ ਪੀ ਖੰਨਾ ਅਮਨੀਤ ਕੌਂਡਲ ਨੂੰ ਕਾਰਵਾਈ ਲਈ ਲਿਖਤੀ ਮੰਗ ਪੱਤਰ ਦਿੱਤਾ ਗਿਆ ਸੀ, ਪਰ ਐਸਐਸਪੀ ਖੰਨਾ ਵੱਲੋਂ ਉਸ ਡੀਐਸਪੀ ਖਿਲਾਫ ਕੋਈ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ ਉਸ ਤੋਂ ਬਾਅਦ ਵੀ ਜਥੇਬੰਦੀਆਂ ਦੇ ਆਗੂ ਇਸ ਲਈ ਜਥੇਬੰਦੀਆਂ ਵੱਲੋਂ ਫੈਸਲਾ ਕੀਤਾ ਗਿਆ ਚੋਣ ਕਮਿਸ਼ਨ ਦੀਆਂ ਹਦਾਇਤਾਂ ਕੀ ਪਾਲਣਾ ਕਰਦੇ ਹੋਏ ਡੀ ਆਈ ਜੀ ਲੁਧਿਆਣਾ ਨੂੰ 8 ਤਰੀਕ ਨੂੰ ਮਿਲਿਆ ਜਾਵੇਗਾ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਚੇਤਨਾ ਲਹਿਰ ਪੰਜਾਬ ਦੇ ਪ੍ਰਧਾਨ ਸੰਦੀਪ ਸਿੰਘ ਰੁਪਾਲੋ ਨੇ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

### ਸਰਹੱਦੀ ਪਿੰਡ ਨੌਸ਼ਹਿਰਾ ਢਾਲਾ ਵਿਖੇ ਗੁਰਦੁਆਰਾ ਭਗਤ ਜੱਲਣ ਦਾਸ ਜੀ ਵਿਖੇ

## ਵਿਸਾਖੀ ਦਾ ਦਿਹਾੜਾ 13, 14 ਅਪ੍ਰੈਲ ਸ਼ਨੀਵਾਰ, ਐਤਵਾਰ ਨੂੰ ਮਨਾਇਆ ਜਾ ਰਿਹਾ ਹੈ: ਦਵਿੰਦਰ ਸਿੰਘ ਸੰਧੂ ਲਾਲੀ ਢਾਲਾ ਅਤੇ ਹਰਮਨ ਸਿੰਘ ਹੰਮਾ

**ਮੁੱਖ ਸੇਵਾਦਾਰ ਬਾਬਾ ਨਿਰਮਲ ਸਿੰਘ ਨੇ ਕਿਹਾ ਕਿ 12 ਅਪ੍ਰੈਲ ਨੂੰ 21 ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਜਿਨ੍ਹਾਂ ਦੇ ਭੋਗ 14 ਅਪ੍ਰੈਲ ਨੂੰ ਪਾਏ ਜਾਣਗੇ ਉਪਰੰਤ ਦੋ ਰੋਜ਼ਾ ਦੀਵਾਨ ਵੀ ਸਜਾਏ ਜਾਣਗੇ...**

ਸਰਾਏ ਅਮਾਨਤ ਖਾਂ, 3 ਅਪ੍ਰੈਲ (ਗੁਰਬੀਰ ਸਿੰਘ ਗੰਡੀਵਿੰਡ) –ਸਰਹੱਦੀ ਪਿੰਡ ਨੌਸ਼ਹਿਰਾ ਢਾਲਾ ਵਿਖੇ ਗੁਰਦੁਆਰਾ ਤਪ ਅਸਥਾਨ ਭਗਤ ਜੱਲਣ ਦਾਸ ਜੀ ਵਿਖੇ ਦੋ ਰੋਜ਼ਾ ਵਿਸਾਖੀ ਦਾ ਸਲਾਨਾ ਜੋੜ ਮੇਲਾ 13,14 ਅਪ੍ਰੈਲ ਨੂੰ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਗੁਰਦੁਆਰਾ ਭਗਤ ਜੱਲਣ ਦਾਸ ਜੀ ਦੇ ਮੁੱਖ ਸੇਵਾਦਾਰ ਬਾਬਾ ਨਿਰਮਲ ਸਿੰਘ ਨੇ ਕਿਹਾ ਕਿ 12 ਅਪ੍ਰੈਲ ਨੂੰ 21 ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਜਿਨ੍ਹਾਂ ਦੇ ਭੋਗ 14 ਅਪ੍ਰੈਲ ਨੂੰ ਪਾਏ ਜਾਣਗੇ ਉਪਰੰਤ ਦੋ ਰੋਜ਼ਾ ਦੀਵਾਨ ਵੀ ਸਜਾਏ ਜਾਣਗੇ, ਜਿਸ ਵਿੱਚ ਰਾਗੀ ਢਾਡੀ ਤੇ ਕਵੀਸ਼ਰੀ ਜਥੇ ਗੁਰੂ ਇਤਿਹਾਸ ਸੁਣਾਕੇ ਸੰਗਤਾਂ ਨੂੰ ਨਿਹਾਲ ਕਰਨਗੇ। ਉੱਘੇ ਸਮਾਜ ਸੇਵਕ ਦਵਿੰਦਰ ਸਿੰਘ ਸੰਧੂ ਲਾਲੀ ਢਾਲਾ, ਹਰਮਨ ਸਿੰਘ ਹੰਮਾ ਨੇ ਦੱਸਿਆ ਕਿ ਇਸ ਮੇਲੇ ਵਿਚ ਦੇਸ਼ਾ ਵਿਦੇਸ਼ਾਂ ਤੋਂ ਸੰਗਤਾਂ ਵੱਡੀ ਗਿਣਤੀ ਵਿਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆ ਪ੍ਰਾਪਤ ਕਰਨ ਗੀਆ। ਇਸ ਤੋਂ ਇਲਾਵਾ ਗੁਰੂ ਕੇ ਲੰਗਰ ਵੀ ਅਤੁੱਟ ਵਰਤਾਏ ਜਾਣਗੇ ।ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਬਾਬਾ ਨਿਰਮਲ ਸਿੰਘ ਨੌਸ਼ਹਿਰਾ ਢਾਲਾ, ਸਰਪੰਚ ਦਵਿੰਦਰ ਸਿੰਘ ਸੰਧੂ ਲਾਲੀ ਢਾਲਾ, ,ਮਨਜਿੰਦਰ ਸਿੰਘ ਮੰਨਾ ਨੋਸ਼ਹਿਰਾ ਢਾਲਾ ,ਹਰਮਨ ਸਿੰਘ ਹੰਮਾ,ਅਰਸ਼ ਢਾਲਾ, ਗੋਰਾ ਬਾਵਾ, ਸੋਨੂੰ ਬਾਵਾ, ਸੁਲਤਾਨ ਸਿੰਘ, ਨਿਸ਼ਾਨ ਸਿੰਘ, ਜਗਵਿੰਦਰ ਸਿੰਘ, ਭਗਵਾਨ ਸਿੰਘ, ਹਰਵਿੰਦਰ ਸਿੰਘ, ਗੁਰਦੇਵ ਸਿੰਘ, ਸੁਚੇਤ ਬਾਵਾ, ਸ਼ੈਲੀ ਸੋਹਲ,ਗੁਰਭਾਗ ਸਿੰਘ ਭਾਗਾ ਸੋਹਲ,ਹਾਜਰ ਸਨ



### ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ, ਬੇਲਾ ਨੇ

## ਹਾਕੀ ਦੇ ਅੰਤਰ ਕਾਲਜ ਮੁਕਾਬਲਿਆਂ 'ਚ ਲਗਾਈ ਜਿੱਤ ਦੀ ਹੈਟ੍ਰਿਕ



ਸ਼੍ਰੀ ਚਮਕੌਰ ਸਾਹਿਬ, 3 ਅਪ੍ਰੈਲ (ਅੰਮ੍ਰਿਤ )– ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ, ਬੇਲਾ ਦੀ ਹਾਕੀ ਦੀ ਟੀਮ ਨੇ ਇਤਿਹਾਸ ਰਚਦਿਆਂ ਇਸ ਵਾਰ ਫੇਰ ਹਾਕੀ ਦੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅੰਤਰ ਕਾਲਜ ਮੁਕਾਬਲਿਆਂ ਵਿੱਚ ਜਿੱਤ ਦਾ ਝੰਡਾ ਲਹਿਰਾਇਆ। ਇਸ ਸੰਬੰਧੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਦੱਸਿਆ ਕਿ ਇਹ ਅੰਤਰ ਕਾਲਜ ਹਾਕੀ ਮੁਕਾਬਲੇ ਡੀ.ਏ.ਵੀ. ਕਾਲਜ, ਬਠਿੰਡਾ ਵਿਖੇ 23 ਤੋਂ 28 ਮਾਰਚ ਤੱਕ ਕਰਵਾਏ ਗਏ। ਕਾਲਜ ਦੀ ਹਾਕੀ ਟੀਮ ਨੇ ਫਾਈਨਲ ਮੈਚ ਵਿੱਚ ਹੋਸਟ ਕਾਲਜ ਡੀ.ਏ.ਵੀ. ਬਠਿੰਡਾ ਨੂੰ ਹਰਾ ਕੇ ਜਿੱਤ ਦੀ ਟਰਾਫ਼ੀ ਆਪਣੇ ਨਾਮ ਕੀਤੀ ਹੈ। ਉਹਨਾਂ ਦੱਸਿਆ ਕਿ ਇਹ ਪ੍ਰਾਪਤੀ ਮਾਣਮੱਤੀ ਹੈ ਕਿਉਂਕਿ ਕਾਲਜ ਦੇ ਖਿਡਾਰੀ 2021-22 ਸੈਸ਼ਨ ਤੋਂ ਅੰਤਰ ਕਾਲਜ ਮੁਕਾਬਲਿਆਂ ਵਿੱਚ ਇਹ ਮੁਕਾਬਲਾ ਜਿੱਤ ਰਹੇ ਹਨ। ਇਹ ਟੀਮ ਕਾਲਜ ਦੇ ਸਰੀਰਿਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ. ਲੈਫਟੀਨੈਂਟ ਪਿਤ੍ਰਪਾਲ ਸਿੰਘ ਅਤੇ ਪ੍ਰੋ. ਅਮਰਜੀਤ ਸਿੰਘ ਦੀ ਅਗਵਾਈ ਅਧੀਨ ਲਗਾਤਾਰ ਹਿੱਸਾ ਲੈ ਰਹੀ ਹੈ। ਇਸ ਵੱਡੀ ਪ੍ਰਾਪਤੀ ਮੌਕੇ ਬੋਲਦਿਆਂ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਸੰਗਤ ਸਿੰਘ ਲੌਂਗੀਆ ਨੇ ਕਿਹਾ ਕਿ ਖੇਡਾਂ ਦੇ ਖੇਤਰ ਵਿੱਚ ਬੇਲਾ ਕਾਲਜ ਦੀਆਂ ਪ੍ਰਾਪਤੀਆਂ ਬਹੁਤ ਹੀ ਸਲਾਹੁਣਯੋਗ ਹਨ ਅਤੇ ਜਿੱਤ ਦੀ ਇਹ ਹੈਟ੍ਰਿਕ ਬਹੁਤ ਹੀ ਵੱਡੀ ਪ੍ਰਾਪਤੀ ਹੈ।ਕਾਲਜ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਜਗਵਿੰਦਰ ਸਿੰਘ ਪੰਮੀ ਨੇ ਕਿਹਾ ਕਿ ਸੰਸਥਾ ਆਪਣੇ ਇਹਨਾਂ ਖਿਡਾਰੀਆਂ ਅਤੇ ਉਹਨਾਂ ਦੇ ਪ੍ਰਦਰਸ਼ਨ ਤੇ ਮਾਣ ਮਹਿਸੂਸ ਕਰਦੀ ਹੈ। ਉਹਨਾਂ ਸਰੀਰਿਕ ਸਿੱਖਿਆ ਵਿਭਾਗ ਦੀ ਪਿੱਠ ਵੀ ਥਾਪੜੀ ਕਿ ਉਹ ਖਿਡਾਰੀਆਂ ਨੂੰ ਇੰਨੇ ਅਹਿਮ ਮੁਕਾਬਲਿਆਂ ਵਿੱਚ ਸ਼ਮੂਲੀਅਤ ਕਰਵਾ ਰਹੇ ਹਨ। ਇਸ ਦੇ ਨਾਲ ਹੀ ਕਾਲਜ ਪ੍ਰਬੰਧਕ ਕਮੇਟੀ ਦੇ ਮੈਨੇਜਰ ਸ. ਸੁਖਵਿੰਦਰ ਸਿੰਘ ਵਿਸਕੀ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਖੇਡ ਮੁਕਾਬਲਿਆਂ ਵਿੱਚ ਕਾਲਜ ਦੇ ਖਿਡਾਰੀਆਂ ਨੇ ਹਮੇਸ਼ਾ ਹੀ ਮੱਲਾਂ ਮਾਰੀਆਂ ਹਨ। ਇਸ ਤੋਂ ਪਹਿਲਾਂ ਵੀ ਇਸੇ ਸਾਲ ਹੀ ਕਾਲਜ ਦੀ ਕੁਸ਼ਤੀ ਟੀਮ ਨੇ ਹੈਟ੍ਰਿਕ ਦਾ ਪਰਚੰਮ ਲਹਿਰਾਇਆ ਹੈ। ਇਸ ਤੋਂ ਬਾਅਦ ਇਹ ਹੈਟ੍ਰਿਕ ਖੇਡਾਂ ਦੀ ਖੇਤਰ ਵਿਚ ਨਿਰੰਤਰ ਵੱਧਦੀਆਂ ਪੁਲਾਘਾਂ ਦੀ ਗਵਾਹ ਹੈ। ਉਹਨਾਂ ਸਾਰੀ ਟੀਮ, ਸਰੀਰਿਕ ਸਿੱਖਿਆ ਵਿਭਾਗ ਅਤੇ ਸਮੁੱਚੀ ਸੰਸਥਾ ਨੂੰ ਇਸ ਦੀ ਵਧਾਈ ਦਿੱਤੀ। ਇਸ ਮੌਕੇ ਡਾ. ਮਮਤਾ ਅਰੋੜਾ, ਪ੍ਰੋ. ਸੁਨੀਤਾ ਰਾਣੀ, ਪ੍ਰੋ. ਇਸ਼ੂ ਬਾਲਾ, ਪ੍ਰੋ. ਗੁਰਲਾਲ ਸਿੰਘ, ਪ੍ਰੋ. ਰਾਕੇਸ਼ ਜੋਸ਼ੀ, ਡਾ. ਸੰਦੀਪ ਕੌਰ, ਡਾ. ਅਣਖ ਸਿੰਘ ਮੌਜੂਦ ਸਨ।

### ਸ਼੍ਰੀਮਤੀ ਰਾਮ ਮੂਰਤੀ ਅਤੇ ਪੱਲੇਦਾਰ ਯੂਨੀਅਨ ਦੇ ਪ੍ਰਧਾਨ ਅਜੇ ਕੁਮਾਰ

## ਆਪਣੇ ਸਾਥੀਆਂ ਸਮੇਤ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ





ਖੰਨਾ, 3 ਅਪ੍ਰੈਲ (ਓਮਕਾਰ ਸਿੰਘ ਸੱਤੂ)– ਭਾਜਪਾ ਦੀ ਕੋਰ ਕਮੇਟੀ ਦੀ ਇਕ ਮੀਟਿੰਗ ਵਿਧਾਨ ਸਭਾ ਦੇ ਇੰਚਾਰਜ ਇਕਬਾਲ ਸਿੰਘ ਚੰਨੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਵਿਸ਼ੇਸ਼ ਤੌਰ ਤੇ ਭਾਰਤੀ ਜਨਤਾ ਪਾਰਟੀ ਜਿਲਾ ਜਗਰਾਓ ਦੇ ਪ੍ਰਧਾਨ ਕਰਨਲ ਇੰਦਰਪਾਲ ਸਿੰਘ ਸ਼ਾਮਲ ਹੋਏ। ਇਸ ਮੀਟਿੰਗ ਵਿਚ ਇਕਬਾਲ ਸਿੰਘ ਚੰਨੀ ਨੇ ਸੰਗਠਨ ਦੇ ਕੰਮ ਕਰ ਦੀ ਜਾਣਕਾਰੀ ਲਈ ਅਤੇ ਵਰਕਰਾਂ ਤੇ ਲੀਡਰਾਂ ਨੂੰ ਆਉਣ ਵਾਲੀਆਂ ਲੋਕਸਭਾ ਚੋਣਾਂ ਲਈ ਲੋਕਾਂ ਨਾਲ ਰਾਬਤਾ ਕਾਇਮ ਕਰਨ ਲਈ ਪ੍ਰੇਰਨਾ ਦਿੱਤੀ ਗਈ। ਜਿਲ੍ਹਾ ਪ੍ਰਧਾਨ ਕਰਨਲ ਇੰਦਰਪਾਲ ਸਿੰਘ ਨੇ ਇਸ ਮੌਕੇ ਤੇ ਪਾਰਟੀ ਵੱਲੋਂ ਉਲੀਕੇ ਗਏ ਪ੍ਰੋਗਰਾਮਾਂ ਨੂੰ ਸਫਲ ਕਰਨ ਲਈ ਵਿਸ਼ੇਸ਼ ਉਪਰਾਲੇ ਕਰਨ ਲਈ ਕਿਹਾ ।ਇਸ ਮੌਕੇ ਤੇ ਪੰਚ ਸ਼੍ਰੀਮਤੀ ਰਾਮ ਮੂਰਤੀ, ਪੱਲੇਦਾਰ ਯੂਨੀਅਨ ਦੇ ਪ੍ਰਧਾਨ ਅਜੇ ਕੁਮਾਰ ਨੇ ਆਪਣੇ ਸਾਥੀਆਂ ਸਮੇਤ ਭਾਰਤੀ ਜਨਤਾ ਪਾਰਟੀ ਵਿਚ ਸ਼ਮੂਲੀਅਤ ਕੀਤੀ। ਸ ਚੰਨੀ ਅਤੇ ਜਿਲਾ ਪ੍ਰਧਾਨ ਵੱਲੋਂ ਨਵੇਂ ਬਣਾਏ ਗਏ ਅਹੁਦੇਦਾਰਾਂ ਨੂੰ ਨਿਯੁਕਤੀ ਪੱਤਰ ਵੀ ਦਿੱਤੇ ਗਏ। ਇਸ ਮੌਕੇ ਤੇ ਡਰ ਰਾਜਿੰਦਰ ਸ਼ਰਮਾ ਜਿਲ੍ਹਾ ਜਨਰਲ ਸਕੱਤਰ , ਮਹਿਲਾ ਮੋਰਚਾ ਜਿਲ੍ਹਾ ਪਰਦਾਹਨ ਮੈਡਮ ਅਭਿਲਾਸ਼ਾ, ਮੰਡਲ ਪ੍ਰਧਾਨ ਰਾਜਪਾਲ, ਇੰਦਰਜੀਤ ਸਿੰਘ ਗੋਗੀ ਅਤੇ ਮਨੋਜ ਗੋਇਲ, ਮੰਡਲ ਪਰਭਾਰੀ ਸੁਮੀਤ ਅਰੋੜਾ, ਯੁਵਾ ਮੋਰਚਾ ਜਿਲ੍ਹਾ ਪ੍ਰਧਾਨ ਅੰਕੁਸ਼, ਕਿਸਾਨ ਮੋਰਚਾ ਪ੍ਰਧਾਨ ਸੁਖਵਿੰਦਰ ਸਿੰਘ, ਜਸਪਾਲ ਸ਼ਰਮਾ, ਵਿਜੈ ਕੁਮਾਰ, ਸੁੰਦਰ ਕਲਾ, ਰਾਕੇਸ਼ ਜੈਨ, ਗੁਰਸ਼ਰਨ ਸਿੰਘ ਅਤੇ ਘੱਟ ਗਿਣਤੀ ਮੋਰਚਾ ਦੇ ਮੀਤ ਪ੍ਰਧਾਨ ਜੱਗੀ ਸਮੇਤ ਬਹੁਤ ਸਾਰੇ ਭਾਜਪਾ ਲੀਡਰ ਸ਼ਾਮਲ ਸਨ।





# ਇੱਕ ਨਜ਼ਰ



## ਧਾਰਮਿਕ ਪ੍ਰੀਖਿਆ 'ਚ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਪੱਟੀ ਦੇ ਵਿਦਿਆਰਥੀਆਂ ਨੇ ਬਾਜ਼ੀ ਮਾਰੀ

ਪੱਟੀ, 3 ਅਪ੍ਰੈਲ ( ਅਮਰਜੀਤ ਕਾਲੇਕੇ, ਸੰਜੀਵ ਸ਼ਰਮਾ)-ਬੱਚਿਆਂ ਨੂੰ ਆਪਣੇ ਗੌਰਵਮਈ ਵਿਰਸੇ ਨਾਲ ਜੋੜਨ ਲਈ ਵੱਖ-ਵੱਖ ਸਮੇਂ ਤੇ ਵੱਖ-ਵੱਖ ਧਾਰਮਿਕ ਸੰਸਥਾਵਾਂ ਦੇ ਵੱਲੋਂ ਪ੍ਰੀਖਿਆ ਦਾ ਆਯੋਜਨ ਕੀਤਾ ਜਾਂਦਾ ਹੈ। ਸਿੱਖ ਮਿਸ਼ਨਰੀ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਨਵੰਬਰ 2023 ਵਿੱਚ ਪੂਰੇ ਪੰਜਾਬ ਅੰਦਰ ਸਕੂਲ ਪੱਧਰ ਤੇ ਬੱਚਿਆਂ ਦੀ ਧਾਰਮਿਕ ਪ੍ਰੀਖਿਆ ਲਈ ਗਈ। ਜਿਸ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਪੱਟੀ ਦੇ 41 ਬੱਚਿਆਂ ਭਾਗ ਲਿਆ। ਜਿਨਾਂ ਵਿੱਚੋ ਗਰੁੱਪ ਪਹਿਲਾ (ਤੀਸਰੀ ਤੋਂ ਪੰਜਵੀਂ) ਵਿੱਚੋਂ ਗੁਰਸ਼ਾਨ ਸਿੰਘ, ਹਰਲੀਨ ਕੌਰ, ਅਨਮੋਲ ਸਿੰਘ, ਅਭੀਜੋਤ ਸਿੰਘ, ਮਨਤਾਜ ਸਿੰਘ, ਨਿਮਰਤ ਕੌਰ ਨੇ ਏ,ਬੀ,ਸੀ ਗਰੇਡ, ਗਰੁੱਪ ਦੂਸਰਾ (ਛੇਵੀ ਤੋਂ ਅੱਠਵੀਂ) ਸਿਮਰਨਪ੍ਰੀਤ ਕੌਰ ਨੇ ਬੀ ਗਰੇਡ, ਗਰੁੱਪ ਤੀਸਰਾ (ਨੌਵੀਂ ਤੋਂ ਬਾਰਵੀਂ) ਜਸਮੀਨ ਕੌਰ, ਮਨਰੂਪ ਕੌਰ, ਹਰਮਨਪ੍ਰੀਤ ਕੌਰ, ਕੋਮਲਪ੍ਰੀਤ ਕੌਰ ਨੇ ਏ,ਬੀ,ਸੀ ਗਰੇਡ ਪ੍ਰਾਪਤ ਕਰਕੇ ਸਕੂਲ ਮਾਤਾ-ਪਿਤਾ ਅਤੇ ਅਧਿਆਪਕ ਦਾ ਨਾਮ ਰੌਸ਼ਨ ਕੀਤਾ। ਸਕੂਲ ਦੇ ਪ੍ਰਿੰਸੀਪਲ ਜਸਬੀਰ ਕੌਰ ਸੈਣੀ ਨੇ ਸਫ਼ਲ ਹੋਏ ਵਿਦਿਆਰਥੀਆਂ ਨੂੰ ਵਧਾਈ ਦਿੰਦਿਆ ਕਿਹਾ ਕਿ ਹਰ ਸਾਲ ਸਕੂਲ ਦੇ ਬੱਚੇ ਵੱਖ-ਵੱਖ ਸੰਸਥਾਵਾਂ ਵੱਲੋਂ ਲਈ ਜਾਂਦੀ ਧਾਰਮਿਕ ਪ੍ਰੀਖਿਆ ਵਿੱਚ ਭਾਗ ਲੈ ਕੇ ਜ਼ਿਲਾ ਪੱਧਰ ਤੇ ਵਧੀਆ ਸਥਾਨ ਪ੍ਰਾਪਤ ਕਰਦੇ ਹਨ ਜਿਸ ਦਾ ਸਿਹਰਾ ਧਾਰਮਿਕ ਵਿੰਗ ਦੇ ਅਧਿਆਪਕ ਭਾਈ ਜਗਜੀਤ ਸਿੰਘ ਅਹਿਮਦਪੁਰ, ਉਂਕਾਰ ਸਿੰਘ ਦਿਆਲਪੁਰਾ ਅਤੇ ਹਰਪ੍ਰੀਤ ਕੌਰ ਨੂੰ ਜਾਂਦਾ ਹੈ। ਇਸ ਸਮੇਂ ਬੱਚਿਆਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਭਾਈ ਜਗਜੀਤ ਸਿੰਘ ਅਹਿਮਦਪੁਰ ਨੇ ਕਿਹਾ ਕਿ ਬੱਚਿਆਂ ਅੰਦਰ ਨੈਤਿਕਤਾ ਪੈਦਾ ਕਰਨ ਲਈ ਧਾਰਮਿਕ ਪ੍ਰੀਖਿਆ ਅੰਦਰ ਸ਼ਾਮਿਲ ਹੋਣਾ ਬਹੁਤ ਜਰੂਰੀ ਹੈ। ਇਹਨਾਂ ਪ੍ਰੀਖਿਆਵਾਂ ਦੇ ਵਿੱਚੋਂ ਸਾਨੂੰ ਆਪਣੇ ਇਤਿਹਾਸ, ਵਿਚਾਰਧਾਰਾ, ਸਿੱਖ ਸੱਭਿਆਚਾਰ ਅਤੇ ਸਿੱਖ ਰਹਿਤ ਮਰਿਆਦਾ ਬਾਰੇ ਵਿਸਥਾਰ ਵਿੱਚ ਜਾਣਕਾਰੀ ਮਿਲਦੀ ਹੈ ਜੋ ਕਿ ਬੱਚਿਆਂ ਨੂੰ ਆਪਣੇ ਪੁਰਖਿਆਂ ਵੱਲੋਂ ਸਿਰਜੇ ਗਏ ਇਤਿਹਾਸ ਤੋਂ ਜਾਣੂ ਕਰਵਾਉਣ ਦਾ ਇੱਕ ਬਹੁਤ ਵਧੀਆ ਤਰੀਕਾ ਹੈ। ਅਖੀਰ ਵਿੱਚ ਸਕੂਲ ਦੇ ਮੈਂਬਰ ਇੰਚਾਰਜ਼ ਪਰਮਜੀਤ ਸਿੰਘ ਆਹੂਜਾ, ਗੁਰਬੀਰ ਸਿੰਘ ਢਿੱਲੋਂ ਅਤੇ ਸਰਬਜੀਤ ਸਿੰਘ ਨੇ ਬੱਚਿਆਂ ਨੂੰ ਵਧਾਈ ਦਿੰਦਿਆਂ ਭਵਿੱਖ ਵਿੱਚ ਇਸੇ ਤਰ੍ਹਾਂ ਸਕੂਲ, ਮਾਤਾ-ਪਿਤਾ ਅਤੇ ਅਧਿਆਪਕ ਸਹਿਬਾਨ ਦਾ ਨਾਮ ਰੌਸ਼ਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਵਾਈਸ ਪਿੰਸੀਪਲ ਸ੍ਰੀਮਤੀ ਨੀਰੂ ਸ਼ਰਮਾਂ, ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

## ਪੰਜਾਬ ਡੀ. ਜੇ. ਐਂਡ ਲਾਈਟ ਸਾਊਂਡ ਸਿਸਟਮ ਯੂਨੀਅਨ ਪੰਜਾਬ ਦੇ ਅਹੁੱਦੇਦਾਰ ਲੜਕੀ ਦੇ ਹੱਕ ਵਿੱਚ ਉਤਰੇ




ਖੰਨਾ, 3 ਅਪ੍ਰੈਲ (ਓਮਕਾਰ ਸਿੰਘ ਸੰਤੂ ) : ਬੀਤੇ ਦਿਨੀ ਸਮਰਾਲਾ ਦੇ ਚੰਡੀਗੜ੍ਹ ਰੋਡ ਤੇ ਇੱਕ ਮੈਰਿਜ ਪੈਲੇਸ ਵਿਖੇ ਇੱਕ ਵਿਆਹ ਸਮਾਰੋਹ ਦੌਰਾਨ ਪ੍ਰੋਗਰਾਮ ਪੇਸ਼ ਕਰ ਰਹੀਆਂ ਕਲਾਕਾਰ ਲੜਕੀਆਂ ਤੇ ਮੁਲਾਜ਼ਮ ਵਲੋਂ ਦੁਰਵਿਵਹਾਰ ਕਰਨ ਅਤੇ ਇੱਕ ਦੂਜੇ ਨੂੰ ਗਾਲਾਂ ਕੱਢੀਆਂ ਉੱਥੇ ਗੁੱਸੇ ਵਿੱਚ ਸਟੇਜ ਸੈਕਟਰੀ ਵੱਲੋਂ ਰੋਕੇ ਜਾਣ ਦੇ ਬਾਵਜੂਦ ਹੱਥੋ ਪਾਈ ਹੋਣ ਦੀ ਕੋਸ਼ਿਸ਼ ਕੀਤੀ ਇਸ ਦੌਰਾਨ ਪੁਲਿਸ ਮੁਲਾਜਮ ਵੱਲੋਂ ਉਕਤ ਲੜਕੀਆਂ ਦੀ ਸਟੇਜ ਵੱਲ ਨੂੰ ਕਚ ਦਾ ਗਲਾਸ ਮਾਰਿਆ ਜਿਹੜਾ ਕਿਸੇ ਨੂੰ ਨਹੀਂ ਲੱਗਿਆ ਜਾਣ ਦੀ ਘਟਨਾ ਸੋਸ਼ਲ ਮੀਡੀਆ ਤੇ ਵਾਇਰਲ ਹੋਇਆ ਅਤੇ ਵੱਖ ਵੱਖ ਅਖ਼ਬਾਰਾਂ ਵਿੱਚ ਵੀ ਖਬਰਾਂ ਪ੍ਰਕਾਸ਼ਿਤ ਹੋਣ ਤੇ ਸੰਬੰਧੀ ਅੱਜ਼ ਖੰਨਾ ਵਿਖੇ ਪੰਜਾਬ ਡੀ. ਜੇ. ਐਂਡ ਲਾਈਟ ਸਾਊਂਡ ਸਿਸਟਮ ਯੂਨੀਅਨ ਪੰਜਾਬ ਦੇ ਔਹਦੇਦਾਰਾਂ ਵੱਲੋਂ ਲੜਕੀ ਦੇ ਹੱਕ ਵਿੱਚ ਆਕੇ ਪ੍ਰੈੱਸ ਕਾਨਫਰੰਸ ਕੀਤੀ ਗਈ ਇਸਦੇ ਨਾਲ ਹੀ ਸ਼ਿਵ ਸੈਨਾ ਪੰਜਾਬ ਦੇ ਆਗੂਆਂ ਨੇ ਵੀ ਡੀ. ਜੇ. ਵਾਲੀ ਕਲਾਕਾਰ ਲੜਕੀ ਦੇ ਹੱਕ ਵਿੱਚ ਆਕੇ ਉਸਨੂੰ ਮਦਦ ਦਾ ਭਰੋਸਾ ਦਿੱਤਾ ਅਤੇ ਉਸ ਨਾਲ ਹੋਈ ਘਟਨਾ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਇਸ ਮੌਕੇ ਖੰਨਾ ਲਾਈਟ ਐਂਡ ਡੀਜੇ ਸਾਊਂਡ ਦੇ ਪ੍ਰਧਾਨ ਦਵਿੰਦਰ ਸਿੰਘ ਤੱਗੜ ਅਤੇ ਮੋਹਤ ਕੁਮਾਰ ਬਿੱਲਾ ਮੀਤ ਪ੍ਰਧਾਨ ਜੋਰਾ ਸਿੰਘ, ਮਨਜੀਤ ਸਿੰਘ ਰੋਣੀ, ਮਲੇਰਕੋਟਲੇ ਤੋਂ ਪ੍ਰਧਾਨ ਕੁਲਵਿੰਦਰ ਸਿੰਘ ,ਪ੍ਰਤਾਪ ਸਿੰਘ ਆਦਿ ਹਾਜ਼ਰ ਸਨ


ਸਟਿੰਗ ਆਪ੍ਰੇਸ਼ਨ
www.stingoperation.us ਜਲੰਧਰ

ਦੇਸ਼-ਵਿਦੇਸ਼ ਅਤੇ ਪੰਜਾਬ ਦੇ ਹਰ ਕਸਬੇ ਤੋਂ ਪੱਤਰਕਾਰਾਂ ਦੀ ਲੋੜ ਹੈ

Contact : 90416-59160


### ਸਰਕਾਰੀ ਐਲੀਮੈਂਟਰੀ ਸਕੂਲ ਲੋਪੋਕੇ ਵਿਖੇ ਅਧਿਆਪਕਾਂ ਦੀ ਹੋਈ ਵਿਸ਼ਾਲ ਮੀਟਿੰਗ

## ਅਵਤਾਰ ਸਿੰਘ ਬੋਪਾਰਾਏ ਤੇ ਇੰਦੂ ਬਲਾਕ ਚੋਗਾਵਾਂ-1 ਦੇ ਬਣੇ ਪ੍ਰਧਾਨ

**ਮੀਟਿੰਗ ਵਿਚ ਬਲਾਕ ਚਗਾਵਾਂ 1 ਦੇ ਵੱਡੀ ਗਿਣਤੀ ਦੇ ਵਿੱਚ ਅਧਿਆਪਕਾਂ ਤੇ ਇਸਤਰੀ ਅਧਿਆਪਿਕਾ ਨੇ ਭਾਗ ਲਿਆ ਤੇ ਮੀਟਿੰਗ ਵਿੱਚ ਪਹੁੰਚਣ ਤੇ ਬਲਾਕ ਸਿੱਖਿਆ ਕਮੇਟੀ ਤੇ ਜ਼ਿਲ੍ਹਾ ਕਮੇਟੀ ਵੱਲੋਂ ਸਮੂਹ ਅਧਿਆਪਕਾਂ ਦਾ ਕੋਟਨ ਕੋਟ ਧੰਨਵਾਦ ਕੀਤਾ ਗਿਆ**





ਅੰਮ੍ਰਿਤਸਰ, 3 ਅਪ੍ਰੈਲ (ਹਰਪਾਲ ਸਿੰਘ ਭੰਗੂ)- ਸਰਕਾਰੀ ਐਲੀਮੈਂਟਰੀ ਸਕੂਲ ਲੋਪੋਕੇ ਕਲੋਨੀ ਵਿਖੇ ਐਲੀਮੈਂਟਰੀ ਟੀਚਰ ਯੂਨੀਅਨ ਦੀ ਮੀਟਿੰਗ ਬਲਜੀਤ ਸਿੰਘ ਭੰਗਵਾਂ,ਵਿਜੇ ਕੁਮਾਰ, ਰਜੇਸ਼ ਕੁਮਾਰ ਉਡਰ ਦੀ ਸਾਂਝੀ ਅਗਵਾਈ ਹੇਠ ਹੋਈ ਜਿਸ ਵਿੱਚ ਸਰਬਸੰਮਤੀ ਦੇ ਨਾਲ ਅਵਤਾਰ ਸਿੰਘ ਬੋਪਾਰਾਏ ਤੇ ਮੈਡਮ ਸ਼੍ਰੀਮਤੀ ਇੰਦੂ ਸਰਕਾਰੀ ਐਲੀਮੈਂਟਰੀ ਸਕੂਲ ਭਿੰਡੀ ਔਲਖ ਨੂੰ ਬਲਾਕ ਚੋਗਾਵਾਂ 1 ਦਾ ਬਲਾਕ ਪ੍ਰਧਾਨ ਬਣਾਇਆ ਗਿਆ ਮੀਟਿੰਗ ਵਿਚ ਬਲਾਕ ਚਗਾਵਾਂ 1 ਦੇ ਵੱਡੀ ਗਿਣਤੀ ਦੇ ਵਿੱਚ ਅਧਿਆਪਕਾਂ ਤੇ ਇਸਤਰੀ ਅਧਿਆਪਿਕਾ ਨੇ ਭਾਗ ਲਿਆ ਤੇ ਮੀਟਿੰਗ ਵਿੱਚ ਪਹੁੰਚਣ ਤੇ ਬਲਾਕ ਸਿੱਖਿਆ ਕਮੇਟੀ ਤੇ ਜ਼ਿਲ੍ਹਾ ਕਮੇਟੀ ਵੱਲੋਂ ਸਮੂਹ ਅਧਿਆਪਕਾਂ ਦਾ ਕੋਟਨ ਕੋਟ ਧੰਨਵਾਦ ਕੀਤਾ ਗਿਆ। ਇਸ ਮੌਕੇ ਬਲਜੀਤ ਸਿੰਘ, ਸੂਬਾ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਔਲਖ ਸੁਖਵਿੰਦਰ ਸਿੰਘ ਮਾਨ, ਮੋਹਨਜੀਤ ਸਿੰਘ ਜਿਲ੍ਹਾ ਪ੍ਰਧਾਨ, ਸੁਖਜੀਤ ਸਿੰਘ ਭਕਨਾ,ਸੁਖਦੀਪ ਸਿੰਘ ਆੜਤੀ,ਅਜੈ ਕੁਮਾਰ ਸੀ.ਐਚ.ਟੀ, ਵਿਜੈ ਕੁਮਾਰ , ਰੰਜੀਵ ਕੁਮਾਰ, ਅਮਨਪ੍ਰੀਤ ਸਿੰਘ ਓਡਰ, ਰਜਿੰਦਰ ਸਿੰਘ ਅਵਤਾਰ ਸਿੰਘ ਚੇਲੇਕੇ, ਰਜੇਸ਼ ਕੁਮਾਰ, ਮਨਜੀਤ ਸਿੰਘ ਸੀ.ਐਚ.ਟੀ, ਮਨਮੋਹਨ ਸਿੰਘ, ਜਗਜੀਤ ਸਿੰਘ ਮੰਝ, ਇੰਦੂ, ਸੁਮਨ ਲਤਾ, ਰੁਪਿੰਦਰ ਕੋਰ , ਮਨਦੀਪ ਕੌਰ,ਅਮਰਜੀਤ ਕੌਰ, ਰਿੰਪਲ, ਸਰਬਜੀਤ ਕੌਰ ਟਪਿਆਲਾ, ਸਰਬਜੀਤ ਕੌਰ ਤੂਰ, ਕੰਚਨ ਕੁਮਾਰੀ, ਹਰਜਿੰਦਰ ਸਿੰਘ ਜਿੰਦਾ, ਪ੍ਰਭਜੋਤ ਸਿੰਘ ਜੋਇਕੇ ਮਨਮੋਹਣ ਸਿੰਘ ਵੇਰਕਾ ਚਰਨਜੀਵ ਕੁਮਾਰ ਅਜਨਾਲਾ, ਵਰਿੰਦਰ ਕੁਮਾਰ ਗਲੋਤਰਾ, ਪਰਮਿੰਦਰ ਸਿੰਘ ਪੱਧਰੀ, ਜਿੰਦਾ ਲੋਪੋਕੇ, ਪਰਮਜੀਤ ਸਿੰਘ ਹਰਪਾਲ ਸਿੰਘ ਜਤਿੰਦਰ ਸਿੰਘ ਲਾਵੇ ਸੁਖਜੀਤ ਸਿੰਘ ਵੇਰਕਾ, ਹਰਪਾਲ ਸਿੰਘ ਗੁਰਸੇਵਕ ਸਿੰਘ ਮਨਦੀਪ ਸਿੰਘ ਗਿਣਤੀ ਦੇ ਵਿੱਚ ਅਧਿਆਪਕ ਹਾਜ਼ਰ ਸਨ।

## ਗੁਰੂ ਹਰਿਕ੍ਰਿਸ਼ਨ ਸੀਨੀ.ਸੈਕੰ.ਪਬਲਿਕ ਸਕੂਲ ਪੱਟੀ ਵਿਖੇ ਨਵੇਂ ਸੈਸ਼ਨ ਦੀ ਆਰੰਭਤਾ ਹੋਈ



ਪੱਟੀ, 3 ਅਪ੍ਰੈਲ (ਅਮਰਜੀਤ ਕਾਲੇਕੇ, ਸੰਜੀਵ ਸ਼ਰਮਾ)-ਚੀਫ਼ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀ.ਸੈਕੰ.ਪਬਲਿਕ ਸਕੂਲ ਪੱਟੀ ਵਿਖੇ ਨਵੇਂ ਸੈਸ਼ਨ ਦੀ ਆਰਭੰਤਾ ਕੀਤੀ ਗਈ,ਜਿਸ ਦੌਰਾਨ ਸਕੂਲ ਵਿੱਚ ਸੁਭਾਇਮਾਨ ਗੁਰਦੁਆਰਾ ਸਾਹਿਬ ਵਿਖੇ ਸੰਗਤੀ ਰੂਪ ਵਿੱਚ ਬਾਣੀ ਜਪੁਜੀ ਸਾਹਿਬ ਦਾ ਪਾਠ ਕੀਤਾ ਗਿਆ। ਉਪਰੰਤ ਸੰਗੀਤ ਅਧਿਆਪਕ ਉਂਕਾਰ ਸਿੰਘ, ਬਹਾਲ ਸਿੰਘ, ਹਰਪ੍ਰੀਤ ਕੌਰ ਤੇ ਵਿਦਿਆਰਥੀਆਂ ਵੱਲੋਂ ਗੁਰੂ ਦੀ ਇਲਾਹੀ ਬਾਣੀ ਦਾ ਰਸ-ਭਿੰਨਾ ਕੀਰਤਨ ਕੀਤਾ ਗਿਆ। ਸਕੂਲ ਦੇ ਧਾਰਮਿਕ ਅਧਿਆਪਕ ਜਗਜੀਤ ਸਿੰਘ ਅਹਿਮਦਪੁਰ ਨੇ ਕਿਹਾ ਕਿ ਜਿੰਦਗੀ ਸਿੱਖਣ ਦਾ ਨਾਮ ਹੈ ,ਜਿੰਦਗੀ ਵਿੱਚ ਉਹੀ ਵਿਦਿਆਰਥੀ ਸਫਲਤਾ ਪ੍ਰਾਪਤ ਕਰਦੇ ਹਨ,ਜੋ ਆਪਣੀ ਮੰਜ਼ਿਲ ਮਿਥ ਕੇ ਉਸ ਨੂੰ ਪ੍ਰਾਪਤ ਕਰਨ ਹਿੱਤ ਹਮੇਸ਼ਾਂ ਮਿਹਨਤ ਕਰਕੇ ਸਿੱਖਦੇ ਰਹਿੰਦੇ ਹਨ, ਅਜਿਹੇ ਵਿਦਿਆਰਥੀ ਇੱਕ ਵਧੀਆਂ ਤੇ ਇਨਸਾਫ ਪਸੰਦ ਸਮਾਜ ਦੀ ਸਿਰਜਨਾ ਕਰਕੇ ਆਪਣੇ ਸਕੂਲ, ਮਾਤਾ ਪਿਤਾ ਤੇ ਅਧਿਆਪਕ ਦਾ ਨਾਮ ਰੌਸ਼ਨ ਕਰਨ ਵਿੱਚ ਕਾਮਯਾਬ ਹੋ ਜਾਂਦੇ ਹਨ। ਇਹੋ ਜਿਹੇ ਮਨੁੱਖ ਸੰਸਾਰ ਦੇ ਜਿਸ ਮਰਜੀ ਕੋਨੇ ਵਿੱਚ ਚਲੇ ਜਾਣ ਉਹ ਆਪਣੇ ਗੁਣਾਂ ਦੀ ਖੁਸ਼ਬੂ ਖਿਲਾਰਦੇ ਚਲੇ ਜਾਂਦੇ ਹਨ।ਇਸ ਸਮੇਂ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਜਸਬੀਰ ਕੌਰ ਸੈਣੀ ਨੇ ਉਦਾਹਰਨ ਦੇ ਕੇ ਵਿਦਿਆਰਥੀਆਂ ਨੂੰ ਕਿਹਾ ਕਿ ਜਿਵੇ ਮਾਦਾ ਬਾਜ਼ ਆਪਣੇ ਬੱਚੇ ਨੂੰ ਧਰਤੀ ਤੋਂ ਬਹੁਤ ਉੱਚਾ ਲਿਜਾ ਕੇ ਆਪਣੇ ਪੰਜਿਆਂ ਦੀ ਪਕੜ ਵਿੱਚੋਂ ਅਜ਼ਾਦ ਇਸ ਲਈ ਕਰ ਦਿੰਦੀ ਹੈ ਕਿ ਉਹ ਉੱਡਣ ਦੀ ਜਾਚ ਸਿੱਖ ਸਕਣ, ਇਸੇ ਤਰ੍ਹਾਂ ਮਾਤਾ ਪਿਤਾ ਅਤੇ ਅਧਿਆਪਕ ਬੱਚਿਆਂ ਨੂੰ ਵਿੱਦਿਆ ਦਾ ਖਜ਼ਾਨਾ ਇਸ ਲਈ ਪ੍ਰਦਾਨ ਕਰਦੇ ਹਨ ਕਿ ਉਹ ਉਚੇਰੀ ਵਿੱਦਿਆ ਹਾਸਲ ਕਰਕੇ ਇੱਕ ਵਧੀਆ ਸਮਾਜ ਦੀ ਸਿਰਜਨਾ ਕਰ ਸਕਣ। ਉਨ੍ਹਾਂ ਨੇ ਵਧੀਆਂ ਨੰਬਰ ਲੈ ਕੇ ਪਾਸ ਹੋਏ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧਾਈ ਵੀ ਦਿੱਤੀ । ਉਨ੍ਹਾਂ ਨੇ ਨਵੇਂ ਸੈਸ਼ਨ ਵਿੱਚ ਵਿਦਿਆਰਥੀਆਂ ਨੂੰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਅਖੀਰ ਵਿੱਚ ਮੈਨੇਜਰ ਪਰਮਜੀਤ ਸਿੰਘ ਆਹੂਜਾ, ਗੁਰਬੀਰ ਸਿੰਘ ਢਿੱਲੋ ਤੇ ਸਰਬਜੀਤ ਸਿੰਘ ਨੇ ਵੀ ਇੰਨ੍ਹਾਂ ਸਫਲ ਹੋਏ ਵਿਦਿਆਰਥੀਆਂ ਨੂੰ ਇਸੇ ਤਰ੍ਹਾਂ ਮਿਹਨਤ ਕਰਕੇ ਭਵਿੱਖ ਵਿੱਚ ਹੋਰ ਮੁਕਾਮ ਹਾਸਲ ਕਰਨ ਦੀ ਤਾਕੀਦ ਕੀਤੀ। ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਨੀਰੂ ਸ਼ਰਮਾਂ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

## ਗੁਰਦੁਆਰਾ ਭਗਤ ਜੱਲਣ ਦਾਸ ਜੀ ਵਿਖੇ 13,14 ਅਪ੍ਰੈਲ ਨੂੰ ਵਿਸਾਖੀ ਦਾ ਮੇਲਾ ਬੜੀ ਧੂਮਧਾਮ ਨਾਲ ਮਨਾਇਆ ਜਾਵੇਗਾ: ਦਵਿੰਦਰ ਸਿੰਘ ਸੰਧੂ, ਲਾਲੀ ਢਾਲਾ ਅਤੇ ਸਰਪੰਚ ਕੇਹਰ ਸਿੰਘ

ਸਰਾਏ ਅਮਾਨਤ ਖਾ 3 ਅਪ੍ਰੈਲ (ਗੁਰਬੀਰ ਸਿੰਘ ਗੰਡੀਵਿੰਡ)- ਪਿੰਡ ਨੌਸਿਹਰਾ ਢਾਲਾ ਵਿਖੇ ਗੁਰਦੁਆਰਾ ਤਪ ਅਸਥਾਨ ਭਗਤ ਜੱਲਣ ਦਾਸ ਜੀ ਵਿਖੇ ਦੋ ਰੋਜਾ ਵਿਸਾਖੀ ਦਾ ਜੋੜ ਮੇਲਾ 13,14 ਅਪ੍ਰੈਲ ਨੂੰ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੜੀ ਸ਼ਰਧਾ ਪੂਰਵਕ ਤੇ ਧੂਮਧਾਮ ਨਾਲ ਮਨਾਇਆ ਜਾਵੇਗਾ ਇਸ ਸਬੰਧੀ ਜਾਣਕਾਰੀ ਦੇਂਦੇ ਉੱਘੇ ਸਮਾਜ ਸੇਵਕ ਸ ਦਵਿੰਦਰ ਸਿੰਘ ਸੰਧੂ ਲਾਲੀ ਢਾਲਾ ਅਤੇ ਸਰਪੰਚ ਕੇਹਰ ਸਿੰਘ ਨੌਸਹਿਰਾ ਨੇ ਕਿਹਾ ਕਿ ਕਿ 13,14 ਅਪ੍ਰੈਲ ਨੂੰ ਦੋ ਦਿਨ ਸਨੀਵਾਰ ਤੇ ਐਤਵਾਰ ਨੂੰ ਧਾਰਮਿਕ ਦੀਵਾਨ ਸਜਣਗੇ। 14 ਅਪ੍ਰੈਲ ਨੂੰ 21 ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਭਾਰੀ ਧਾਰਮਿਕ ਦੀਵਾਨ ਸਜਾਏ ਜਾਣਗੇ। ਜਿਸ ਵਿਚ ਰਾਗੀ ਢਾਡੀ ਅਤੇ ਕਵੀਸ਼ਰੀ ਜਥੇ ਪਹੁੰਚੇ ਕੇ ਗੁਰੂ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਸ ਦਵਿੰਦਰ ਸਿੰਘ ਸੰਧੂ ਲਾਲੀ ਢਾਲਾ, ਜਸਮਿੰਦਰ ਸਿੰਘ; ਮਨਜਿੰਦਰ ਸਿੰਘ ਮੰਨਾ, ਰਣਜੋਧ ਸਿੰਘ ਜੋਧਾ ਹਵੇਲੀਆਂ,ਹਰਮਨ ਸਿੰਘ ਹੰਮਾ, ਸਰਪੰਚ ਕੇਹਰ ਸਿੰਘ ਨੌਸਹਿਰਾ, ਅਰਸ਼ ਢਾਲਾ, ਗੁਰਜੰਟ ਸਿੰਘ, ਸ਼ੈਲੀ ਸੋਹਲ,ਗੁਰਭਾਗ ਸਿੰਘ ਭਾਗਾ ਸੋਹਲ, ਸੋਨੂੰ ਬਾਵਾ, ਰਾਣਾ ਆਧੀ, ਸੁਚੇਤ ਬਾਵਾ,ਗੋਪੀ ਬਾਵਾ, ਗੋਰਾ ਬਾਵਾ, ਬਲਕਾਰ ਸਿੰਘ, ਕੁਲਵੰਤ ਸਿੰਘ ਆੜਤੀ, ਸੁਖਜੀਤ ਸਿੰਘ ਬਾਵਾ, ਗੁਰਜੀਤ ਸਿੰਘ ਬਾਵਾ, ਕਰਨ ਆਧੀ, ਜਗਬੀਰ ਸਿੰਘ ਆਧੀ, ਹਰਪ੍ਰੀਤ ਸਿੰਘ ਆਧੀ ਕੈਨੇਡਾ , ਗੁਰਪ੍ਰੀਤ ਸਿੰਘ ਆਧੀ, , ਗੁਰਮਨ ਸਿੰਘ ਆਧੀ, ਕੁਵਰ ਪ੍ਰਤਾਪ ਸਿੰਘ ਆਧੀ, ਰਵੀ ਸ਼ੇਰ ਆਧੀ, ਭਗਵਾਨ ਸਿੰਘ ਭਾਗਾ ਨੌਸਹਿਰਾ, ਆਦਿ ਹਾਜਰ ਸਨ ।



ਸਟਿੰਗ ਆਪ੍ਰੇਸ਼ਨ
e-mail : stingnews24@gmail.com
www.stingoperation.us
ਜਲੰਧਰ । ਵੀਰਵਾਰ, 4 ਅਪ੍ਰੈਲ 2024





ਬਲਵੀਰ ਸਿੰਘ ਆਲਮਪੁਰ ਤੇ ਪਾਏ ਝੂਠੇ ਪਰਚੇ ਰੱਦ ਕਰਵਾਉਣ ਅਤੇ ਹੋਰ ਮੰਗਾਂ ਨੂੰ ਲੈ ਕੇ

# ਐਸ.ਸੀ.ਬੀ.ਸੀ ਐਕਸ਼ਨ ਕਮੇਟੀ ਵੱਲੋਂ ਡਿਪਟੀ ਕਮਿਸ਼ਨਰ ਦਫਤਰ ਅੱਗੇ ਦਿੱਤਾ ਧਰਨਾ

**ਅੰਬੇਡਕਰ ਸਭਾ ਦੇ ਪ੍ਰਧਾਨ ਹਰਜਸ ਸਿੰਘ ਖਡਿਆਲ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੰਵਿਧਾਨਕ ਹੱਕਾਂ ਦੀ ਲਈ ਬਹੁਜਨ ਸਮਾਜ ਨੂੰ ਸੜਕਾਂ ਤੇ ਉਤਰਨਾ ਪੈਂਦਾ ਹੈ, ਉਹਨਾਂ ਬਹੁਜਨ ਸਮਾਜ ਨਾਲ ਹੋ ਰਹੀਆਂ ਧੱਕੇ ਸ਼ਾਹੀਆਂ ਖ਼ਿਲਾਫ਼ ਭਗਵੰਤ ਮਾਨ....**






ਸੰਗਰੂਰ,3 ਅਪ੍ਰੈਲ (ਨਰੇਸ਼ ਬਾਗੀਆਂ)- ਵੱਖ ਵੱਖ ਸਮਾਜਿਕ, ਧਾਰਮਿਕ, ਮਜ਼ਦੂਰ ਅਤੇ ਮੁਲਾਜ਼ਮਾਂ ਦੀ ਬਲਵੀਰ ਸਿੰਘ ਆਲਮਪੁਰ ਰਿਹਾਅ ਕਰਵਾਓ ਐਸ.ਸੀ.ਬੀ.ਸੀ ਐਕਸ਼ਨ ਕਮੇਟੀ ਵੱਲੋਂ ਜਾਅਲੀ ਅਨੁਸੂਚਿਤ ਜਾਤੀ ਸਰਟੀਫਿਕੇਟ ਰੱਦ ਕਰਵਾਉਣ ਵਾਲੇ ਬਲਵੀਰ ਸਿੰਘ ਆਲਮਪੁਰ ਤੇ ਪਾਏ ਝੂਠੇ ਪਰਚੇ ਰੱਦ ਕਰਵਾਉਣ ਅਤੇ ਹੋਰ ਮਜ਼ਦੂਰਾਂ ਅਤੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਡਿਪਟੀ ਕਮਿਸ਼ਨਰ ਸੰਗਰੂਰ ਦੇ ਦਫ਼ਤਰ ਅੱਗੇ ਧਰਨਾ ਲਗਾਇਆ ਗਿਆ।ਧਰਨੇ ਵਿਚ ਜਾਅਲੀ ਸਰਟੀਫਿਕੇਟ ਰੱਦ ਕਰਵਾਉਣ ਵਾਲੇ ਬਲਵੀਰ ਆਲਮਪੁਰ ਦੇ ਪਰਿਵਾਰ ਨੇ ਵੀ ਸ਼ਿਰਕਤ ਕੀਤੀ।ਇਸ ਮੌਕੇ ਸੰਬੋਧਨ ਕਰਦਿਆਂ ਐਕਸ਼ਨ ਕਮੇਟੀ ਦੇ ਆਗੂ ਕਰਨੈਲ ਸਿੰਘ ਨੀਲੋਵਾਲ ਨੇ ਕਿਹਾ ਕਿ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਨੇ ਦੁੱਖ ਤਕਲੀਫਾਂ ਝੱਲ ਕੇ ਸਦੀਆਂ ਤੋਂ ਦੱਬੇ ਕੁੱਚਲੇ ਲੋਕਾਂ ਨੂੰ ਸੰਵਿਧਾਨਕ ਹੱਕ ਲੈਕੇ ਦਿੱਤੇ, ਪਰ ਉਹਨਾਂ ਹੱਕਾਂ ਨੂੰ ਅਜ਼ਾਦੀ ਦੇ ਸੱਤ ਦਹਾਕੇ ਬੀਤਣ ਬਾਅਦ ਵੀ ਅਜੇ ਤੱਕ ਅਮਲੀ ਰੂਪ ਲਾਗੂ ਨਹੀਂ ਕੀਤਾ ਗਿਆ। ਉਹਨਾਂ ਕਿਹਾ ਅਨੁਸੂਚਿਤ ਜਾਤੀਆਂ ਦੇ ਜਾਅਲੀ ਸਰਟੀਫਿਕੇਟ ਬਣਾ ਕੇ ਪੰਜਾਬ ਚ ਹਜ਼ਾਰਾਂ ਲੋਕ ਨੌਕਰੀਆਂ ਕਰ ਰਹੇ ਹਨ ਜੇਕਰ ਬਲਵੀਰ ਸਿੰਘ ਆਲਮਪੁਰ ਨੇ ਉਹਨਾਂ ਨੂੰ ਨੰਗਾ ਕੀਤਾ ਤਾਂ ਜਾਅਲੀ ਸਰਟੀਫਿਕੇਟ ਧਾਰਕਾਂ ਦੀ ਸਕਾਇਤ ਤੇ ਉਸ ਨੂੰ ਝੂਠੇ ਕੇਸ ਵਿੱਚ ਫਸਾ ਕੇ ਜੇਲ੍ਹ ਚ ਬੰਦ ਕਰ ਦਿੱਤਾ। ਇਸ ਮੌਕੇ ਅੰਬੇਡਕਰ ਸਭਾ ਦੇ ਪ੍ਰਧਾਨ ਹਰਜਸ ਸਿੰਘ ਖਡਿਆਲ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੰਵਿਧਾਨਕ ਹੱਕਾਂ ਦੀ ਲਈ ਬਹੁਜਨ ਸਮਾਜ ਨੂੰ ਸੜਕਾਂ ਤੇ ਉਤਰਨਾ ਪੈਂਦਾ ਹੈ, ਉਹਨਾਂ ਬਹੁਜਨ ਸਮਾਜ ਨਾਲ ਹੋ ਰਹੀਆਂ ਧੱਕੇ ਸ਼ਾਹੀਆਂ ਖ਼ਿਲਾਫ਼ ਭਗਵੰਤ ਮਾਨ ਸਰਕਾਰ ਦੀ ਸਖ਼ਤ ਨਿੰਦਾ ਕੀਤੀ। ਇਸ ਸਮੇਂ ਪ੍ਰਦਰਸ਼ਨਕਾਰੀ ਵੱਖ - ਵੱਖ ਪਿੰਡਾਂ ਅਤੇ ਸ਼ਹਿਰਾਂ ਵਿਚੋਂ ਦੀ ਵੱਡੇ ਕਾਫ਼ਲਿਆਂ ਦੇ ਰੂਪ ਵਿੱਚ ਜੈ ਭੀਮ ਦੇ ਨਾਅਰਿਆਂ ਨਾਲ ਧਰਨੇ ਚ ਸ਼ਾਮਿਲ ਹੋਏ। ਇਸ ਸਮੇਂ ਵੱਖ ਵੱਖ ਸਮਾਜਿਕ , ਮੁਲਾਜ਼ਮ ਅਤੇ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨੇ ਧਰਨੇ ਨੂੰ ਸੰਬੋਧਨ ਕੀਤਾ। ਐਸ ਸੀ ਬੀ ਸੀ ਅਧਿਆਪਕ ਯੂਨੀਅਨ ਦੇ ਕ੍ਰਿਸ਼ਨ ਸਿੰਘ ਦੁੱਗਾਂ, ਗੁਰਸੇਵਕ ਸਿੰਘ ਕਲੇਰ, ਐਸ ਸੀ ਬੀ ਸੀ ਗਜ਼ਿਟਡ ਐਂਡ ਨਾਨ-ਗਜਟਿਡ ਯੂਨੀਅਨ ਦੇ ਪ੍ਰਧਾਨ ਜਸਵੀਰ ਸਿੰਘ ਪਾਲ, ਜ਼ਬਰ ਜ਼ੁਲਮ ਵਿਰੋਧੀ ਫਰੰਟ ਦੇ ਆਗੂ ਰਾਜ ਸਿੰਘ ਟੋਡਰਵਾਲ, ਵਿਦਿਆਰਥੀ ਆਗੂ ਪ੍ਰੀਤ ਕਾਂਝੀ,ਬਲਵਿੰਦਰ ਸਿੰਘ ਜਿਲ੍ਹੇਦਾਰ,ਐਸ ਸੀ ਬੀ ਸੀ ਟੀਚਰ ਯੂਨੀਅਨ ਦੇ ਸੂਬਾ ਪ੍ਰਧਾਨ ਬਲਜੀਤ ਸਿੰਘ ਸਲਾਣਾ,ਪ੍ਰਿੰਸੀਪਲ ਗੁਰਮੇਲ ਸਿੰਘ, ਦਰਸ਼ਨ ਸਿੰਘ ਬਾਜਵਾ, ਕੈਪਟਨ ਹਰਭਜਨ ਸਿੰਘ, ਭੋਲ਼ਾ ਸਿੰਘ ਸੰਗਰਾਮੀ, ਹਰਦੀਪ ਸਿੰਘ ਚੂੰਬਰ, ਬਸਪਾ ਦੇ ਚਮਕੌਰ ਸਿੰਘ ਵੀਰ, ਬੀਐਸਪੀ ਦੇ ਸੂਬਾ ਜਨਰਲ ਸਕੱਤਰ ਡਾ. ਮੱਖਣ ਸਿੰਘ, ਬਾਬਾ ਕਰਨੈਲ ਸਿੰਘ, ਭਾਈ ਗੁਰਜੀਤ ਸਿੰਘ ਸੁਨਾਮ, ਹਰੀ ਸਿੰਘ ਸੁਨਾਮ,ਭੀਮ ਸਿੰਘ ਭੂਕਲ, ਮਹਿੰਦਰ ਸਿੰਘ ਗੋਬਿੰਦਗੜ੍ਹ ਜੇਜੀਆ, ਗੁਰਜੀਤ ਸਿੰਘ ਬੱਬੂ, ਨੰਬਰਦਾਰ ਰਣ ਸਿੰਘ ਮਹਿਲਾਂ, ਸੁਖਦੇਵ ਸਿੰਘ ਮਲੇਰਕੋਟਲਾ, ਗੁਰਜੰਟ ਸਿੰਘ ਬੰਟੀ ਉਭਾਵਾਲ, ਮਜ਼ਦੂਰ ਆਗੂ ਪ੍ਰਿਥੀ ਸਿੰਘ ਲੌਂਗੋਵਾਲ,ਗੁਰਜੀਤ ਸਿੰਘ ਬੱਬੂ, ਸੰਜੀਵ ਸਿੰਘ, ਗੁਰਪ੍ਰੀਤ ਸਿੰਘ ਲਹਿਰਾ, ਹਰਬੰਸ ਸਿੰਘ ਮੰਡੇਰ, ਅਜੈਬ ਸਿੰਘ ਨੀਲੋਵਾਲ ,ਗੁਰਪ੍ਰੀਤ ਸਿੰਘ ਖੋਖਰ ਆਦਿ ਹਾਜ਼ਰ ਸਨ।

ਸਟੱਡੀ ਸਰਕਲ ਵੱਲੋਂ ਜਥੇਬੰਦਕ ਕਾਰਜਸ਼ਾਲਾ ਦਾ ਆਯੋਜਨ

# ਨੌਜਵਾਨਾਂ ਨੂੰ ਨਿਰੋਆ ਸਿਹਤਮੰਦ ਸਮਾਜ ਸਿਰਜਣ ਲਈ ਜਥੇਬੰਦ ਹੋਣ ਦੀ ਲੋੜ: ਬਲਜੀਤ ਸਿੰਘ ਚੇਅਰਮੈਨ





ਸੰਗਰੂਰ, 3 ਅਪ੍ਰੈਲ (ਨਰੇਸ਼ ਬਾਗੀਆਂ)-ਧਾਰਮਿਕ ਅਤੇ ਵਿੱਦਿਅਕ ਖੇਤਰ ਦੀ ਅੰਤਰਰਾਸ਼ਟਰੀ ਪ੍ਰਸਿੱਧ ਧਾਰਮਿਕ-ਸਮਾਜਿਕ ਸੰਸਥਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੁਆਰਾ ਸਥਾਨਕ ਭਾਈ ਹਿੰਮਤ ਸਿੰਘ ਧਰਮਸਾਲਾ ਵਿੱਚ ਜਥੇਬੰਦਕ ਵਿਚਾਰ- ਵਿਕਾਸ ਕਾਰਜਸ਼ਾਲਾ ਦਾ ਆਯੋਜਨ ਕੁਲਵੰਤ ਸਿੰਘ ਨਾਗਰੀ ਜੋ.ਨਲ ਸਕੱਤਰ, ਗੁਲਜ਼ਾਰ ਸਿੰਘ ਜਥੇਬੰਦਕ ਸਕੱਤਰ, ਹਰਵਿੰਦਰ ਕੌਰ ਐਡੀਸ਼ਨਲ ਜੋ.ਨਲ ਸਕੱਤਰ ਇਸਤਰੀ ਕੌਂਸਲ ਅਤੇ ਹਰਪ੍ਰੀਤ ਕੌਰ ਪ੍ਰਧਾਨ ਬੇਬੇ ਨਾਨਕੀ ਸਿਲਾਈ ਕੇਂਦਰ ਦੀ ਦੇਖ ਰੇਖ ਹੇਠ ਕੀਤਾ ਗਿਆ।ਇਸ ਮੌਕੇ ਤੇ ਸੰਸਥਾ ਦੇ ਚੇਅਰਮੈਨ ਭਾਈ ਬਲਜੀਤ ਸਿੰਘ, ਪ੍ਰਿਥੀ ਸਿੰਘ ਖਾਲਸਾ ਚੀਫ਼ ਆਰਗੇਨਾਈਜ਼ਰ ਅਤੇ ਹਰਮੋਹਿੰਦਰ ਸਿੰਘ ਨੰਗਲ ਚੀਫ ਸਕੱਤਰ ਵਿਸ਼ੇਸ਼ ਤੌਰ ਤੇ ਪਹੁੰਚੇ। ਬੇਬੇ ਨਾਨਕੀ ਸਿਲਾਈ ਕੇਂਦਰ ਦੇ ਡਿਪਟੀ ਡਾਇਰੈਕਟਰ ਸ.ਅਜਮੇਰ ਸਿੰਘ ਫਤਿਹਗੜ੍ਹ ਛੰਨਾਂ ਦੁਆਰਾ ਆਏ ਹੋਏ ਸਮੂਹ ਪਤਵੰਤੇ ਸੱਜਣਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਕਿਹਾ ਅਤੇ ਕਿਹਾ ਕਿ ਜਿੱਥੇ ਸੰਸਥਾ ਦੀਆਂ ਗਤੀਵਿਧੀਆਂ ਬਾਰੇ ਚਰਚਾ ਕਰਨਾ ਅਤੇ ਭਵਿੱਖ ਵਿੱਚ ਅਪਣਾਈਆ ਜਾਣ ਵਾਲੀਆਂ ਕਾਰਜਵਿਧੀਆ ਬਾਰੇ ਗੰਭੀਰ ਚਿੰਤਨ ਕਰਨਾ ਇਸ ਕਾਰਜਸ਼ਾਲਾ ਦਾ ਮੰਤਵ ਹੈ।ਇਸ ਸੰਬੰਧੀ ਹੋਰ ਵਧੇਰੇ ਜਾਣਕਾਰੀ ਦਿੰਦੇ ਹੋਏ ਸ.ਗੁਰਵਿੰਦਰ ਸਿੰਘ ਗੁਰੀ ਕੋਆਰਡੀਨੇਟਰ ਵਿਦਿਆਰਥੀ ਵਿੰਗ ਨੇ ਦੱਸਿਆ ਕਿ ਵਰਤਮਾਨ ਸਮੇਂ ਵਿੱਚ ਮਨੁੱਖੀ ਸਮਾਜ ਅੰਦਰ ਪੈਦਾ ਹੋਈਆ ਕੁਰੀਤੀਆਂ ਦੇ ਮਾੜੇ ਪ੍ਰਭਾਵਾਂ ਨੂੰ ਦੂਰ ਕਰਨ ਹਿੱਤ ਨੌਜਵਾਨਾਂ ਨੂੰ ਸਹੀ ਸੇਧ ਪ੍ਰਦਾਨ ਕਰਨ ਦੇ ਉਦੇਸ਼ ਨਾਲ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੁਆਰਾ ਆਯੋਜਿਤ ਕੀਤੀ ਗਈ ਵਿਚਾਰ ਵਿਕਾਸ ਕਾਰਜਸ਼ਾਲਾ ਵਿੱਚ ਹਰਮੋਹਿੰਦਰ ਸਿੰਘ ਚੀਫ਼ ਸਕੱਤਰ ਵੱਲੋਂ ਜਿੱਥੇ ਆਏ ਕੇਡਰ ਦੀ ਜਾਣ ਪਛਾਣ ਕਰਵਾ ਕੇ ਸਟੱਡੀ ਸਰਕਲ ਦੇ ਕਾਰਜਾਂ ਤੇ ਗਤੀਵਿਧੀਆਂ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਪ੍ਰਿਥੀ ਸਿੰਘ ਖਾਲਸਾ ਚੀਫ਼ ਆਰਗੇਨਾਇਰਜਰ ਦੁਆਰਾ ਗੁਰਬਾਣੀ ਦੀ ਵਿਆਖਿਆ ਸਹਿਤ ਗੱਲਬਾਤ ਕਰਦਿਆਂ ਉਪਰੋਕਤ ਸਮੱਸਿਆਵਾਂ ਦੇ ਹੱਲ ਬਾਬਤ ਕਈ ਅਹਿਮ ਨੁਕਤੇ ਸਾਂਝੇ ਕੀਤੇ।ਬਲਜੀਤ ਸਿੰਘ ਚੇਅਰਮੈਨ ਕੇਂਦਰੀ ਦਫਤਰ ਲੁਧਿਆਣਾ ਵੱਲੋਂ ਆਏ ਨੌਜਵਾਨਾਂ ਨੂੰ ਤੇ ਲੜਕੀਆਂ ਨੂੰ ਨਰੋਏ ਸਮਾਜ ਦੀ ਸਿਰਜਣਾ ਲਈ ਜਥੇਬੰਦ ਹੋਣ ਦੀ ਲੋੜ ਹੈ। ਆਪ ਨੇ ਕਿਹਾ ਨੌਜਵਾਨਾਂ ਨੂੰ ਨਸ਼ਿਆਂ ਤੋਂ ਸੁਚੇਤ ਰਹਿ ਕੇ ਨੈਤਿਕ ਕਦਰਾਂ ਕੀਮਤਾਂ ਦੇ ਧਾਰਨੀ ਹੋਣ ਦੀ ਵਧੇਰੇ ਲੋੜ ਹੈ।ਇਸ ਸਭ ਕਾਰਨ ਪੈਦਾ ਹੋਈਆਂ ਵਾਤਾਵਰਨ, ਸੱਭਿਆਚਾਰਿਕ, ਧਾਰਮਿਕ ਤੇ ਆਰਥਿਕ ਸਮੱਸਿਆਵਾਂ ਦੇ ਵੀ ਠੋਸ ਹੱਲ ਲੱਭਣ ਦੀ ਜਰੂਰਤ ਹੈ।ਬੇਬੇ ਨਾਨਕੀ ਸਿਲਾਈ ਕੇਂਦਰ ਅਕੋਈ ਸਾਹਿਬ ਦੀਆਂ ਲੜਕੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।ਇਸ ਮੌਕੇ ਸ.ਗੁਲਜਾਰ ਸਿੰਘ ਜਥੇਬੰਦਕ ਸਕੱਤਰ, ਸਕੱਤਰ, ਗਿਆਨ ਸਿੰਘ ਭਵਾਨੀਗੜ੍ਹ, ਗੁਰਮੇਲ ਸਿੰਘ ਵਿੱਤ ਸਕੱਤਰ, ਸੁਖਪਾਲ ਸਿੰਘ ਸੰਗਰੂਰ, ਹਰਵਿੰਦਰ ਕੌਰ ਸਕੱਤਰ ਇਸਤਰੀ ਵਿੰਗ, ਅਮਨਦੀਪ ਕੌਰ ਸਿਹਤ ਤੇ ਭਾਸ਼ਾਵਾਂ ਸਕੱਤਰ, ਅਮਰਿੰਦਰ ਕੌਰ ਦੇਸ਼ ਭਗਤ ਕਾਲਜ ਬਰੜਵਾਲ, ਜਸਪ੍ਰੀਤ ਕੌਰ ,ਮਨਦੀਪ ਕੌਰ, ਕਮਲਪ੍ਰੀਤ ਕੌਰ, ਸੁਖਵੀਰ ਕੌਰ, ਅਰਸ਼ਦੀਪ ਕੌਰ ਨੇ ਵਿਚਾਰ ਚਰਚਾ ਵਿੱਚ ਭਾਗ ਲਿਆ।ਸਮਾਗਮ ਦੀ ਸਮਾਪਤੀ ਉਪਰੰਤ ਆਏ ਪਤਵੰਤੇ ਮਹਿਮਾਨਾਂ ਨੂੰ ਪ੍ਰਬੰਧਕਾਂ ਦੇ ਨਾਲ ਸੁਖਵੀਰ ਸਿੰਘ, ਵਤਨਦੀਪ ਸਿੰਘ, ਮਿੱਠਾ ਸਿੰਘ, ਗੁਰਤੇਜ ਸਿੰਘ ਫਤਿਹਗੜ੍ਹ ਛੰਨਾਂ, ਗੁਰਦੀਪ ਸਿੰਘ ਘਨੌਰੀ ਕਲਾਂ ਵੱਲੋਂ ਸਨਮਾਨਿਤ ਕੀਤਾ ਗਿਆ। ਸਭ ਭਾਗ ਲੈਣ ਵਾਲੇ ਕਾਰਜਕਰਤਾਵਾਂ ਨੂੰ ਸਟੱਡੀ ਸਰਕਲ ਵੱਲੋਂ ਸਰਟੀਫਿਕੇਟ ਦੇ ਕੇ ਉਤਸ਼ਾਹਿਤ ਕੀਤਾ ਗਿਆ। ਸੁਰਿੰਦਰ ਪਾਲ ਸਿੰਘ ਸਿਦਕੀ ਐਡੀਸ਼ਨਲ ਚੀਫ਼ ਸਕੱਤਰ ਨੇ ਦੱਸਿਆ ਕਿ ਸਟੱਡੀ ਸਰਕਲ ਵੱਲੋਂ ਕੀਤੀਆਂ ਗਈਆਂ ਸਰਗਰਮੀਆਂ ਦਾ ਮੁਲੰਕਣ ਕਰਨ ਲਈ ਅਤੇ ਅਗਲੇਰੇ ਪ੍ਰੋਗਰਾਮ ਉਲੀਕਣ ਲਈ ਕੇਂਦਰੀ ਦਫ਼ਤਰ ਲੁਧਿਆਣਾ ਵਿਖੇ ਛਿਮਾਹੀ ਕਾਰਜਸ਼ਾਲਾ 6 ਅਤੇ 7 ਅਪ੍ਰੈਲ ਨੂੰ ਆਯੋਜਿਤ ਕੀਤੀ ਜਾ ਰਹੀ ਹੈ।

## ਇੱਕ ਨਜ਼ਰ





### ਸਿੰਗਲ ਯੂਜ ਪਲਾਸਟਿਕ ਨੂੰ ਖ਼ਤਮ ਕਰਨ ਲਈ ਪ੍ਰਦੂਸ਼ਣ ਕੰਟਰੋਲ ਬੋਰਡ ਹੋਇਆ ਸਖ਼ਤ

ਸੰਗਰੂਰ, 3 ਅਪ੍ਰੈਲ (ਨਰੇਸ਼ ਬਾਗੀਆਂ)- ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਸੰਗਰੂਰ ਵੱਲੋਂ ਨਗਰ ਕੌਂਸਲ ਸੰਗਰੂਰ ਦੀ ਟੀਮ ਨਾਲ ਮਿਲ ਕੇ ਸ਼ਹਿਰ ਦੇ ਬਜ਼ਾਰਾਂ ਵਿੱਚ ਸਿੰਗਲ ਯੂਜ ਪਲਾਸਟਿਕ ਸਬੰਧੀ ਚੈਕਿੰਗ ਕੀਤੀ ਗਈ। ਜਿਸ ਵਿੱਚ ਟੀਮ ਵੱਲੋਂ ਪਲਾਸਟਿਕ ਲਿਫਾਫਿਆਂ ਦੀ ਵਰਤੋਂ ਕਰਨ ਵਾਲੇ 3 ਦੁਕਾਨਦਾਰਾਂ ਦੇ ਚਲਾਨ ਕੀਤੇ ਗਏ ਅਤੇ 3 ਕਿਲੋਗ੍ਰਾਮ ਲਿਫ਼ਾਫ਼ੇ ਜ਼ਬਤ ਕੀਤੇ ਗਏ। ਟੀਮ ਦੀ ਅਗਵਾਈ ਕਰ ਰਹੇ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਐਸ ਡੀ ਓ ਅਮਨਦੀਪ ਸਿੰਘ ਸਿੰਘ ਜੀ ਵੱਲੋਂ ਦੱਸਿਆ ਗਿਆ ਕਿ ਸ਼ਹਿਰ ਵਿੱਚ ਕੂੜੇ ਦੇ ਡੰਪ ਬਣਨ ਵਿੱਚ ਸਭ ਤੋਂ ਵੱਡਾ ਹੱਥ ਪਲਾਸਟਿਕ ਦੇ ਲਿਫ਼ਾਫ਼ਿਆਂ ਅਤੇ ਸਿੰਗਲ ਯੂਜ ਪਲਾਸਟਿਕ ਦਾ ਹੈ, ਇਸ ਸਭ ਨੂੰ ਸਖ਼ਤੀ ਨਾਲ ਹੀ ਬੰਦ ਕੀਤਾ ਜਾ ਸਕਦਾ ਹੈ। ਇਸ ਲਈ ਪਲਾਸਟਿਕ ਚਲਾਨ ਕਰਨ ਦੀ ਡਰਾਈਵ ਮਹੀਨੇ ਵਿੱਚ ਤਿੰਨ ਚਾਰ ਵਾਰ ਚਲਾਈ ਜਾਇਆ ਕਰੇਗੀ ਤਾਂ ਜੋ ਪਲਾਸਟਿਕ ਵੇਚਣ ਵਾਲੇ ਦੁਕਾਨਦਾਰ ਦੁਬਾਰਾ ਤੋਂ ਸਿੰਗਲ ਯੂਜ ਪਲਾਸਟਿਕ ਦੁਬਾਰਾ ਵੇਚਣ ਦੀ ਜੁਰਤ ਨਾ ਕਰਨ। ਇਸ ਦੌਰਾਨ ਟੀਮ ਵਿੱਚ ਨਗਰ ਕੌਂਸਲ ਵੱਲੋਂ ਸੈਨੇਟਰੀ ਸੁਪਰਡੈਂਟ ਜਸਵੀਰ ਸਿੰਘ, ਸੈਨੇਟਰੀ ਇੰਸਪੈਕਟਰ ਜੀਤਾ ਰਾਮ,ਸੀ.ਐਫ ਗੁਰਿੰਦਰ ਕੁਮਾਰ ਮੌਜੂਦ ਸਨ।

### ਬੀਕੇਯੂ ਏਕਤਾ ਡਕੌਂਦਾ ਵੱਲੋਂ ਜ਼ਿਲ੍ਹਾ ਸੰਗਰੂਰ ਕਮੇਟੀ ਦੀ ਸਰਬ ਸੰਮਤੀ ਨਾਲ ਹੋਈ ਚੋਣ

**ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਬਣੇ ਕਰਮ ਸਿੰਘ ਬੁਲਿਆਲ**



ਲੌਂਗੋਵਾਲ,3 ਅਪ੍ਰੈਲ (ਨਰੇਸ਼ ਬਾਗੀਆਂ)-ਅੱਜ ਪਿੰਡ ਦੁੱਗਾਂ ਦੇ ਗੁਰਦੁਆਰਾ ਸ਼੍ਰੀ ਪਰਮੇਸ਼ਰ ਸਾਹਿਬ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਜ਼ਿਲ੍ਹਾ ਸੰਗਰੂਰ ਕਮੇਟੀ ਦੀ ਚੋਣ ਕੀਤੀ ਗਈ। ਇਹ ਚੋਣ ਯੂਨੀਅਨ ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ, ਸੂਬਾ ਜਨਰਲ ਸਕੱਤਰ ਜਗਮੋਹਨ ਸਿੰਘ, ਸੂਬਾ ਪ੍ਰੈੱਸ ਸਕੱਤਰ ਇੰਦਰਪਾਲ ਸਿੰਘ, ਸੂਬਾ ਖਜ਼ਾਨਚੀ ਰਾਮ ਸਿੰਘ ਮਟੋਰੜਾ ਤੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ ਦੀ ਅਗਵਾਈ ਵਿੱਚ ਹੋਈ ।ਇਸ ਮੌਕੇ ਸਮੂਹ ਬਲਾਕਾਂ ਦੇ ਪ੍ਰਧਾਨਾਂ ਅਤੇ ਪਿੰਡ ਇਕਾਈਆਂ ਦੇ ਪ੍ਰਧਾਨਾਂ ਨੇ ਸਰਬ ਸੰਮਤੀ ਨਾਲ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਕਰਮ ਸਿੰਘ ਬੁਲਿਆਲ ਨੂੰ ਚੁਣਿਆ ਤੇ ਸੀਨੀਅਰ ਮੀਤ ਪ੍ਰਧਾਨ ਲਖਬੀਰ ਸਿੰਘ ਵਾਲੀਆਂ, ਮੀਤ ਪ੍ਰਧਾਨ ਸਮਸ਼ੇਰ ਸਿੰਘ, ਜਨਰਲ ਸਕੱਤਰ ਸਤਨਾਮ ਸਿੰਘ ਕਿਲਾ ਭਰੀਆਂ, ਖਜਾਨਚੀ ਗੁਰਜੀਤ ਸਿੰਘ ਝਨੇੜੀ,ਮੀਤ ਪ੍ਰਧਾਨ ਬੁੱਧ ਸਿੰਘ, ਕਮੇਟੀ ਮੈਂਬਰ ਕਾਲਾ ਢਿੱਲੋ, ਭੋਲਾ ਸਿੰਘ ਲੌਂਗੋਵਾਲ ਚੁਣੇ ਗਏ ।ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ ਨੇ ਕਿਸਾਨੀ ਘੋਲ ਦੇ ਸ਼ਹੀਦ ਪਰਿਵਾਰਾਂ ਦੇ ਵਾਰਸਾਂ ਨੂੰ ਸਨਮਾਨਿਤ ਵੀ ਕੀਤਾ ।

### ਸਨਾਤਨ ਉਤਕਰਸ਼ ਫਾਉਂਡੇਸ਼ਨ ਵਲੋਂ ਕਮੇਟੀ ਦਾ ਗਠਨ



ਸੰਗਰੂਰ, 3 ਅਪ੍ਰੈਲ (ਨਰੇਸ਼ ਬਾਗੀਆਂ)- ਸਨਾਤਨ ਉਤਕਰਸ਼ ਫਾਉਂਡੇਸ਼ਨ ਮਹਿਲਾ ਵਿੰਗ ਵੱਲੋਂ ਪ੍ਰਧਾਨ ਸੁਚਿਤਾ ਗੋਇਲ ਦੀ ਅਗਵਾਈ ਵਿੱਚ ਮੀਟਿੰਗ ਮੰਦਰ ਸ੍ਰੀ ਠਾਕੁਰ ਦੁਆਰਾ ਮੰਡੀ ਗਲੀ ਸੰਗਰੂਰ ਵਿਖੇ ਕੀਤੀ ਗਈ। ਮੀਟਿੰਗ ਦੋਰਾਨ ਪ੍ਰੈਸ ਸਕੱਤਰ ਮੀਨੂ ਬਾਂਸਲ ਨੇ ਦੱਸਿਆ ਕਿ ਫਾਉਂਡੇਸ਼ਨ ਵੱਲੋ ਸ਼ਹਿਰ ਦੇ 11 ਨੰਬਰ ਵਾਰਡ ਦੇ ਮੈਗਜ਼ੀਨ ਮਹੱਲੇ ਵਿੱਚ ਕਮੇਟੀ ਦਾ ਗਠਨ ਕੀਤਾ ਗਿਆ ਮਹਿਲਾ ਵਿੰਗ ਦੀ ਪ੍ਰਧਾਨ ਸੁਚਿਤਾ ਗੋਇਲ ਜੀ ਦੀ ਹਾਜ਼ਰੀ ਵਿਚ ਰਾਜ ਸ਼ਰਮਾ ਪ੍ਰਧਾਨ,ਦਰਸ਼ਨਾਂ ਸ਼ਰਮਾ ਸੀਨੀਅਰ ਵਾਇਸ ਪ੍ਰਧਾਨ,ਭਾਗਵੰਤੀ ਵਾਇਸ ਪ੍ਰਧਾਨ,ਗੀਤਾ ਰਾਣੀ ਜਨਰਲ ਸੈਕਟਰੀ,ਗਿਆਤਰੀ ਤੇ ਮੋਨਿਕਾ ਨੂੰ ਜੁਆਇੰਟ ਸੈਕਟਰੀ ਨੰਦਨੀ ਕੈਸੀਅਰ,ਸੰਮੀ ਤੇ ਨੀਤੀ ਨੂੰ ਮੈਂਬਰ ਬਣਾਇਆ ਗਿਆ।

ਸਟਿੰਗ ਆਪ੍ਰੇਸ਼ਨ
www.stingoperation.us ਜਲੰਧਰ
ਦੇਸ਼-ਵਿਦੇਸ਼ ਅਤੇ ਪੰਜਾਬ ਦੇ ਹਰ ਕਸਬੇ ਤੋਂ ਪੱਤਰਕਾਰਾਂ ਦੀ ਲੋੜ ਹੈ
Contact : 90416-59160

# ਸਟਿੰਗ ਆਪ੍ਰੇਸ਼ਨ ਅੰਮ੍ਰਿਤਸਰ (ਬਟਾਲਾ)

e-mail : stingnews24@gmail.com
www.stingoperation.us

ਜਲੰਧਰ । ਵੀਰਵਾਰ, 4 ਅਪ੍ਰੈਲ 2024






## ਇੱਕ ਨਜ਼ਰ







## ਖਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ ਵਿਖੇ ਕੇ. ਜੀ.-2 ਬੱਚਿਆਂ ਦੀ ਗ੍ਰੈਜੂਏਸ਼ਨ ਸੈਰੇਮਨੀ ਮਨਾਈ ਗਈ

ਅੰਮ੍ਰਿਤਸਰ, 3 ਅਪ੍ਰੈਲ ( ਹਰਪਾਲ ਸਿੰਘ ਭੰਗੂ)–ਖਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ ਵਿਖੇ ਸਾਲਾਨਾ ਇਮਤਿਹਾਨ ਖਤਮ ਹੋਣ ਤੋਂ ਬਾਅਦ ਕੇ. ਜੀ. 2 ਦੇ ਬੱਚਿਆਂ ਦੀ ਗ੍ਰੈਜੂਏਸ਼ਨ ਸੈਰੇਮਨੀ ਮਨਾਈ ਗਈ। ਸਕੂਲ ਪ੍ਰਿੰਸੀਪਲ ਸ੍ਰੀਮਤੀ ਨਿਰਮਲਜੀਤ ਕੌਰ ਗਿੱਲ ਦੇ ਸਹਿਯੋਗ ਨਾਲ ਕਰਵਾਏ ਇਸ ਪ੍ਰੋਗਰਾਮ ਮੌਕੇ ਨੰਨ੍ਹੇ-ਮੁੰਨੇ ਬੱਚੇ ਗ੍ਰੈਜੂਏਸ਼ਨ ਸੈਰੇਮਨੀ ਦੀ ਯੂਨੀਫਾਰਮ ਗਾਊਨ ਅਤੇ ਹੈਟ 'ਚ ਆਤਮ-ਵਿਸ਼ਵਾਸ ਨਾਲ ਭਰਪੂਰ ਉਤਸ਼ਾਹਿਤ ਨਜ਼ਰ ਆ ਰਹੇ ਸਨ। ਇਸ ਪ੍ਰੋਗਰਾਮ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਸਕੂਲ ਸ਼ਬਦ ਗਾਇਨ ਕਰਕੇ ਕੀਤੀ ਗਈ। ਇਸ ਮੌਕੇ ਪ੍ਰਿੰ: ਸ੍ਰੀਮਤੀ ਗਿੱਲ ਨੇ ਪ੍ਰਾਇਮਰੀ ਸਿੱਖਿਆ ਦੀ ਮਹੱਤਤਾ ਤੋਂ ਜਾਣੂ ਕਰਵਾਇਆ ਅਤੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਾਇਮਰੀ ਸਿੱਖਿਆ ਹੀ ਇਕ ਵਿਦਿਆਰਥੀ ਦੇ ਸੁਨਹਿਰੀ ਭਵਿੱਖ ਲਈ ਮਜ਼ਬੂਤ ਨੀਂਹ ਬਣਾਉਣ ਲਈ ਸਹਾਇਕ ਹੁੰਦੀ ਹੈ। ਉਨ੍ਹਾਂ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਬਾਰੇ ਚਰਚਾ ਕਰਦਿਆਂ ਮਾਪਿਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਵਿਦਿਆਰਥੀਆਂ ਨੂੰ ਟੈਕਨੋਲੋਜੀ ਦੀ ਸਹੀ ਵਰਤੋਂ ਸਬੰਧੀ ਸੁਚੇਤ ਕਰਨ ਅਤੇ ਕਿਰਿਆਤਮਕ ਗਤੀਵਿਧੀਆਂ 'ਚ ਭਾਗ ਲੈਣ ਲਈ ਉਤਸ਼ਾਹਿਤ ਕਰਨ। ਉਨ੍ਹਾਂ ਮਾਪਿਆਂ ਨੂੰ ਕਿਹਾ ਕਿ ਉਹ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰਨ ਅਤੇ ਫਿਰ ਇਕ ਦਿਨ ਅਜਿਹਾ ਆਵੇਗਾ ਕਿ ਜਦੋਂ ਬੱਚੇ ਫੋਨ ਵਰਤਣ ਦੀ ਬਜਾਏ ਕਿਤਾਬਾਂ ਪੜ੍ਹਦੇ ਨਜ਼ਰ ਆਉਣਗੇ। ਇਸ ਦੌਰਾਨ ਕੇ. ਜੀ. 2 ਦੇ ਇੰਚਾਰਜ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਉਚੀਆਂ ਮੰਜ਼ਿਲਾਂ ਪ੍ਰਾਪਤ ਕਰਨ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ, ਜਿਸ ਦਾ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ। ਇਸ ਮੌਕੇ ਪ੍ਰਿੰ: ਸ੍ਰੀਮਤੀ ਗਿੱਲ ਵੱਲੋਂ ਅਕਾਦਮਿਕ ਖੇਤਰ 'ਚ ਵਿਸ਼ੇਸ਼ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਕਿੰਡਰਗਾਰਟਨ ਗ੍ਰੈਜੂਏਟ ਸਬੰਧੀ ਸਰਟੀਫਿਕੇਟ ਪ੍ਰਦਾਨ ਕੀਤੇ ਗਏ। ਇਸ ਮੌਕੇ ਪ੍ਰਿੰ: ਗਿੱਲ ਨੇ ਅਧਿਆਪਕਾਂ, ਮਾਪਿਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਜਿਨ੍ਹਾਂ ਦੀ ਮਿਹਨਤ ਸਦਕਾ ਵਿਦਿਆਰਥੀਆਂ ਨੇ ਗ੍ਰੈਜੂਏਸ਼ਨ ਸਰਟੀਫਿਕੇਟ ਹਾਸਲ ਕੀਤੇ। ਇਸ ਮੌਕੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਰੁਪਿੰਦਰ ਕੌਰ ਮਾਹਲ ਨੇ ਆਏ ਹੋਏ ਮਾਪਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਸਟਾਫ਼ ਤੋਂ ਇਲਾਵਾ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਹਾਜ਼ਰ ਸਨ।

## ਸ਼ਿਵ ਸੈਨਾ ਊਧਵ ਬਾਲਾ ਸਾਹਿਬ ਠਾਕਰੇ ਵੱਲੋਂ ਲੋਕ ਸਮੱਸਿਆਵਾਂ ਤੇ ਇੱਕ ਹੰਗਾਮੀ ਮੀਟਿੰਗ ਕੀਤੀ ਗਈ



ਬਟਾਲਾ, 3 ਅਪ੍ਰੈਲ (ਰਮੇਸ਼ ਬਹਿਲ)– ਅੱਜ ਸ਼ਿਵ ਸੈਨਾ ਊਧਵ ਬਾਲਾ ਸਾਹਿਬ ਠਾਕਰੇ ਦੀ ਬਟਾਲਾ ਇਕਾਈ ਦੇ ਵਰਕਰਾਂ ਵੱਲੋ ਹੰਗਾਮੀ ਮੀਟਿੰਗ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਰਮੇਸ਼ ਨਈਅਰ ਦੀ ਅਗਵਾਈ ਹੇਠ ਕੀਤੀ ਗਈ।ਮੀਟਿੰਗ ਦੌਰਾਨ ਆਮ ਲੋਕਾਂ ਨੂੰ ਆ ਰਹੀਆ ਸਮੱਸਿਆਵਾ ਬਾਰੇ ਚਰਚਾ ਕਰਦਿਆ ਹੋਇਆ ਰਮੇਸ਼ ਨਈਅਰ ਨੇ ਕਿਹਾ ਕਿ ਪੰਜਾਬ ਵਿੱਚ ਪ੍ਰਾਈਵੇਟ ਸਕੂਲਾ ਦੇ ਪ੍ਰਬੰਧਾਂ ਵੱਲੋ ਮਨਮਰਜੀਆ ਕੀਤੀਆ ਜਾ ਰਹੀਆ ਹਨ, ਅਤੇ ਸਰਕਾਰੀ ਨਿਯਮਾਂ ਨੂੰ ਛਿੱਕੇ ਤੇ ਟੰਗਿਆ ਜਾ ਰਿਹਾ ਹੈ ਅਤੇ ਆਮ ਵਰਗ ਦੇ ਲੋਕਾਂ ਨੂੰ ਇਸ ਵਜ੍ਹਾ ਨਾਲ ਮੁਸਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ।ਪ੍ਰਾਈਵੇਟ ਸਕੂਲਾਂ ਵੱਲੋਂ ਮਨਮਰਜੀ ਨਾਲ ਫੀਸਾ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਵੱਖ ਵੱਖ ਜਮਾਤਾ ਦੀਆ ਕਿਤਾਬਾਂ ਵਿੱਚੋਂ ਕਮੀਸ਼ਨ ਹਾਸਲ ਕਰਨ ਦੇ ਮਕਸਦ ਨਾਲ ਕਈ ਹੱਥ ਕੱਢੇ ਅਪਣਾਏ ਜਾ ਰਹੇ ਹਨ। ਹਰ ਸਾਲ ਸਲੇਬਸ ਵਿੱਚ ਫੇਰ ਬਦਲ ਕੀਤਾ ਜਾਦਾ ਹੈ। ਉਹਨਾਂ ਨੇ ਕਿਹਾ ਕਿ ਕੁਝ ਸਕੂਲ ਤਾਂ ਅਜਿਹੇ ਵੀ ਹਨ, ਜਿੰਨਾਂ ਦੇ ਪਾਸ ਕਮਰਸ ਸਾਇੰਸ ਵਿਸ਼ਿਆ ਦੀ ਪੜ੍ਹਾਈ ਕਰਵਾਉਣ ਲਈ ਦਾਖਲਾ ਦੇਣ ਦੀ ਪ੍ਰਵਾਣਗੀ ਵੀ ਨਹੀ ਹੁੰਦੀ ਹੈ। ਫਿਰ ਵੀ ਉਹ ਇਸ ਵਿਸ਼ਿਆ ਸਬੰਧਤ ਵਿਦਿਆਰਥੀਆ ਨੂੰ ਦਾਖਲ ਕਰ ਲੈਦੇ ਹਨ, ਪ੍ਰਾਈਵੇਟ ਸਕੂਲਾ ਵਿੱਚ ਅਧਿਆਪਕਾਂ ਨੂੰ ਬਹੁਤ ਘੱਟ ਤਨਖਾਹਾ ਦਿੱਤੀਆ ਜਾ ਰਹੀਆ ਹਨ। ਸਕੂਲ ਚਲਾਉਣ ਵਾਲੀਆ ਸੁਸਾਈਟੀ ਟਰੱਸਟਾਂ ਵੱਲੋਂ ਆਮਦਨ ਕਰ ਵਿਭਾਗ ਨੂੰ ਸਹੀ ਜਾਣਕਾਰੀ ਨਹੀਂ ਦਿੱਤੀ ਜਾਦੀ। ਸ਼ਿਵ ਸੈਨਾ ਊਧਵ ਬਾਲਾ ਸਾਹਿਬ ਠਾਕਰੇ ਵੱਲੋਂ ਸਰਕਾਰ ਪਾਸੋਂ ਮੰਗ ਕੀਤੀ ਜਾਂਦੀ ਹੈ ਕਿ ਪ੍ਰਾਈਵੇਟ ਸਕੂਲਾ ਦੇ ਉਪਰੋਕਤ ਵਿਸ਼ਿਆ ਬਾਰੇ ਬਰੀਕੀ ਨਾਲ ਜਾਂਚ ਕਰਵਾਈ ਜਾਵੇ ਨਹੀਂ ਤਾਂ ਸਾਡੇ ਵੱਲੋ ਪ੍ਰਾਈਵੇਟ ਸਕੂਲਾ ਖਿਲਾਫ ਮੋਰਚਾ ਖੋਲਿਆ ਜਾਵੇਗਾ।ਇਸ ਮੌਕੇ ਤੇ ਸਿਵ ਸੈਨਿਕ ਅਵਤਾਰ ਕਾਲਾ, ਮੰਗਲ ਦਾਸ, ਸੰਮੀ ਨਈਅਰ, ਰਕੇਸ ਮਹਾਜਨ, ਜਸਵੰਤ, ਜੱਸੀ, ਆਦਿ ਹਾਜਰ ਸਨ।

## ਨਾਜਾਇਜ਼ ਸ਼ਰਾਬ ਸਬੰਧੀ 79738-67446 'ਤੇ ਦਿੱਤੀ ਜਾ ਸਕਦੀ ਹੈ ਸੂਚਨਾ : ਜਿਲ੍ਹਾ ਚੋਣ ਅਧਿਕਾਰੀ

ਅੰਮ੍ਰਿਤਸਰ 3 ਅਪ੍ਰੈਲ (ਹਰਪਾਲ ਸਿੰਘ ਭੰਗੂ)–ਆਮ ਵੇਖਣ ਵਿੱਚ ਆਇਆ ਹੈ ਕਿ ਚੋਣਾਂ ਦੌਰਾਨ ਕੁਝ ਸ਼ਰਾਰਤੀ ਅਨਸਰਾਂ ਵਲੋਂ ਨਾਜਾਇਜ਼ ਸ਼ਰਾਬ ਦੀ ਵਿਕਰੀ ਕੀਤੀ ਜਾਂਦੀ ਹੈ, ਜਿਸ ਨਾਲ ਕਈ ਜਾਨਾਂ ਅਜਾਈ ਚਲੀਆਂ ਜਾਂਦੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਿਲ੍ਹਾ ਚੋਣ ਅਧਿਕਾਰੀ ਸ੍ਰੀ ਘਨਸ਼ਾਮ ਥੋਰੀ ਨੇ ਜਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਉਨਾਂ ਨੂੰ ਕਿਸੇ ਵੀ ਜਗ੍ਹਾ ਤੇ ਨਾਜਾਇਜ਼ ਸ਼ਰਾਬ ਦੀ ਵਿਕਰੀ ਜਾਂ ਭੰਡਾਰ ਬਾਰੇ ਪਤਾ ਲਗਦਾ ਹੈ ਤਾਂ ਉਹ ਮੋਬਾਇਲ ਨੰਬਰ 79738-67446 'ਤੇ ਸੂਚਨਾ ਦੇ ਸਕਦਾ ਹੈ। ਉਨ੍ਹਾਂ ਕਿਹਾ ਕਿ ਦਿੱਤੀ ਗਈ ਸੂਚਨਾ ਤੇ ਤੁਰੰਤ ਕਾਰਵਾਈ ਕਰਦੇ ਹੋਏ ਫਲਾਇੰਗ ਸੁਕਐਡ ਭੇਜੇ ਜਾਣਗੇ।

### ਲੋਕ ਸਭਾ ਚੋਣਾਂ : ਜ਼ਿਲੇ ਵਿਚ ਚੱਲ ਰਹੀਆਂ 62 ਪ੍ਰਿੰਟਿੰਗ ਪ੍ਰੈਸਾਂ ਦੀ ਕੀਤੀ ਜਾਂਚ ਪੜਤਾਲ

## ਉਲੰਘਣਾ ਕਰਨ ਵਾਲੇ ਨੂੰ ਹੋ ਸਕਦੀ ਹੈ 6 ਮਹੀਨੇ ਦੀ ਕੈਦ ਤੇ ਜ਼ੁਰਮਾਨਾ

■ ਲੋਕ ਸਭਾ ਚੋਣਾਂ 2024- ਚੋਣਾਂ ਸਬੰਧੀ ਪ੍ਰਚਾਰ ਸਮੱਗਰੀ 'ਤੇ ਛਾਪਕ ਅਤੇ ਪ੍ਰਕਾਸ਼ਕ ਦਾ ਨਾਮ ਅਤੇ ਪਤਾ ਹੋਣਾ ਲਾਜ਼ਮੀ: ਡਿਪਟੀ ਕਮਿਸ਼ਨਰ • ਕਿਹਾ ਕਿ ਪ੍ਰਿੰਟਿੰਗ ਪ੍ਰੈੱਸ ਵੱਲੋਂ ਜਾਤ, ਧਰਮ ਆਦਿ ਵਿਰੁੱਧ ਕੋਈ ਵੀ ਇਤਰਾਜ਼ਯੋਗ ਸਮੱਗਰੀ ਨਹੀਂ ਛਾਪੀ ਜਾਵੇਗੀ



ਅੰਮ੍ਰਿਤਸਰ 3 ਅਪ੍ਰੈਲ 2024:-- ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਜ਼ਿਲਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਸ਼੍ਰੀ ਘਣਸ਼ਾਮ ਥੋਰੀ ਨੇ ਦੱਸਿਆ ਕਿ ਜ਼ਿਲੇ ਵਿਚ ਚੱਲ ਰਹੀਆਂ 62 ਪ੍ਰਿੰਟਿੰਗ ਪ੍ਰੈਸਾਂ ਦੀ ਜਾਂਚ ਪੜਤਾਲ ਕੀਤੀ ਗਈ ਹੈ ਅਤੇ ਪ੍ਰਿੰਟਿੰਗ ਪ੍ਰੈਸ ਮਾਲਕਾਂ ਨੂੰ ਹਦਾਇਤ ਕੀਤੀ ਕਿ ਚੋਣ ਜ਼ਾਬਤੇ ਦੌਰਾਨ ਕਿਸੇ ਵੀ ਤਰਾਂ ਦੀ ਪ੍ਰਚਾਰ ਸਮੱਗਰੀ, ਪੈਂਫਲਿਟ ਜਾਂ ਇਸ਼ਤਿਹਾਰ ਛਾਪਣ ਸਮੇਂ ਉਸ ਉਪਰ ਛਾਪਕ ਅਤੇ ਪ੍ਰਕਾਸ਼ਕ ਦਾ ਨਾਮ ਅਤੇ ਪੂਰਾ ਪਤਾ ਛਾਪਣਾ ਯਕੀਨੀ ਬਣਾਇਆ ਜਾਵੇ। ਇਸ ਦੇ ਨਾਲ ਹੀ ਉਨਾਂ ਇਹ ਵੀ ਆਦੇਸ਼ ਦਿੱਤੇ ਕਿ ਹੋਰਡਿੰਗਜ਼ ਅਤੇ ਫਲੈਕਸ ਆਦਿ ਬਣਾਉਣ ਦਾ ਕੰਮ ਕਰਨ ਵਾਲਿਆਂ ਲਈ ਵੀ ਆਪਣੀ ਫ਼ਰਮ ਨੂੰ ਰਜਿਸਟਰ ਕਰਵਾਉਣਾ ਲਾਜ਼ਮੀ ਹੋਵੇਗਾ। ਜ਼ਿਲਾ ਚੋਣ ਅਫ਼ਸਰ ਨੇ ਪ੍ਰਿੰਟਿੰਗ ਪ੍ਰੈਸ ਮਾਲਕਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਕੋਈ ਵੀ ਪ੍ਰਚਾਰ ਸਮੱਗਰੀ ਛਾਪਣ ਤੋਂ ਪਹਿਲਾਂ ਇਹ ਘੋਸ਼ਣਾ ਪੱਤਰ ਲਿਆ ਜਾਵੇ ਕਿ ਇਹ ਚੋਣ ਸਮੱਗਰੀ ਕਿਸ ਵੱਲੋਂ ਅਤੇ ਕਿੰਨੀ ਗਿਣਤੀ ਵਿੱਚ ਛਪਵਾਈ ਜਾ ਰਹੀ ਹੈ। ਉਨਾਂ ਇਹ ਵੀ ਹਦਾਇਤ ਕੀਤੀ ਕਿ ਛਾਪੀ ਗਈ ਪ੍ਰਚਾਰ ਸਮੱਗਰੀ ਦੀ ਖ਼ਰਚੇ ਸਮੇਤ ਸੂਚਨਾ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਦਫ਼ਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ। ਜਿਲ੍ਹਾ ਚੋਣ ਅਧਿਕਾਰੀ ਨੇ ਪ੍ਰਿੰਟਿੰਗ ਪ੍ਰੈਸ ਮਾਲਕਾਂ ਨੂੰ ਆਦੇਸ਼ ਕਰਦਿਆਂ ਇਹ ਵੀ ਕਿਹਾ ਕਿ ਜਿਹੜੀ ਵੀ ਪ੍ਰਿੰਟਿੰਗ ਪ੍ਰੈਸ, ਪ੍ਰਚਾਰ ਸਮੱਗਰੀ ਨੂੰ ਛਾਪੇਗੀ ਉਸ ਵੱਲੋਂ ਬੈਨਰ, ਫ਼ਲੈਕਸ, ਪੋਸਟਰ, ਪੈਂਫਲਿਟ, ਕਿਤਾਬਚੇ ਉੱਪਰ ਆਪਣੀ ਪ੍ਰੈਸ ਦਾ ਨਾਮ ਅਤੇ ਰਜਿਸਟਰੇਸ਼ਨ ਨੰਬਰ ਛਾਪਣਾ ਵੀ ਲਾਜ਼ਮੀ ਹੋਵੇਗਾ। ਉਨਾਂ ਇਹ ਵੀ ਕਿਹਾ ਕਿ ਪ੍ਰਿੰਟਿੰਗ ਪ੍ਰੈੱਸ ਵੱਲੋਂ ਜਾਤ, ਧਰਮ ਆਦਿ ਵਿਰੁੱਧ ਕੋਈ ਵੀ ਇਤਰਾਜ਼ਯੋਗ ਸਮੱਗਰੀ ਨਹੀਂ ਛਾਪੀ ਜਾਵੇਗੀ। ਉਨਾਂ ਪ੍ਰਿੰਟਿੰਗ ਪ੍ਰੈਸ ਮਾਲਕਾਂ ਨੂੰ ਕਿਹਾ ਕਿ ਜਿਹੜੀ ਪ੍ਰਿੰਟਿੰਗ ਪ੍ਰੈਸ ਦੇ ਮਾਲਕ ਵੱਲੋਂ ਚੋਣ ਕਮਿਸ਼ਨ ਦੀਆਂ ਇਨਾਂ ਹਦਾਇਤਾਂ ਦੀ ਉਲੰਘਣਾ ਕੀਤੀ ਜਾਵੇਗੀ ਉਸ ਨੂੰ ਸੈਕਸ਼ਨ 127 (ਏ) ਤਹਿਤ ਛੇ ਮਹੀਨੇ ਤੱਕ ਦੀ ਕੈਦ ਜਾਂ ਜੁਰਮਾਨਾ ਜਾਂ ਫਿਰ ਦੋਨੋ ਹੀ ਸਜਾਵਾਂ ਦਿੱਤੀਆਂ ਜਾ ਸਕਦੀਆਂ ਹਨ।

## ਮਜੀਠਾ ਵਿਧਾਨ ਸਭਾ ਹਲਕੇ ਵਿੱਚ ਕੀਤੀ ਗਈ ਵੋਟਰ ਜਾਗਰੂਕਤਾ ਸਾਈਕਲ ਰੈਲੀ

■ ਜਲ੍ਹਾ ਪ੍ਰਸ਼ਾਸਨ ਵਲੋਂ ਆਮ ਵੋਟਰਾਂ ਨੂੰ ਵੋਟਾਂ ਪ੍ਰਤੀ ਜਾਗਰੂਕ ਕਰਨ ਲਈ ਸਵੀਪ ਗਤੀਵਿਧੀਆਂ ਲਗਾਤਾਰ ਕੀਤੀਆਂ ਜਾ ਰਹੀਆਂ ਹਨ ਭਾਰਤ ਚੋਣ ਕਮਿਸ਼ਨ ਵਲੋਂ ਚੋਣਾਂ ਨੂੰ ਇੱਕ ਤਿਉਹਾਰ ਦੀ ਤਰ੍ਹ....









ਅੰਮ੍ਰਿਤਸਰ, 3 ਅਪ੍ਰੈਲ ( ਹਰਪਾਲ ਸਿੰਘ ਭੰਗੂ)-ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣ ਅਫ਼ਸਰ ਸ੍ਰੀ ਘਨਸ਼ਾਮ ਥੋਰੀ ਦੀ ਯੋਗ ਅਗਵਾਈ ਹੇਠ ਅਤੇ ਚੇਅਰਪਰਸਨ ਸਵੀਪ-ਕਮ-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ੍ਰੀ ਨਿਕਾਸ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਅਗਾਮੀ ਲੋਕ ਸਭਾ ਚੋਣਾਂ-2024 ਵਿੱਚ ਆਮ ਲੋਕਾਂ ਨੂੰ ਵੋਟ ਪਾਉਣ ਲਈ ਉਤਸ਼ਾਹਿਤ ਕਰਨ ਲਈ ਮਜੀਠਾ ਵਿਧਾਨਸਭਾ ਹਲਕੇ ਦੇ ਸਰਕਾਰੀ ਕੰਨਿਆ ਸੈਕੰਡਰੀ ਸਕੂਲ ਕੱਥੂਨੰਗਲ, ਸਰਕਾਰੀ ਹਾਈ ਸਕੂਲ ਗੋਪਾਲਪੁਰਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜਾਇਬਵਾਲੀ ਅਤੇ ਸ਼ਹੀਦ ਕੈਪਟਨ ਅਮਰਦੀਪ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ,ਮਜੀਠਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮਦੀਵਾਲੀ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੋਹੀਆਂ ਕਲਾਂ ਸਮੇਤ ਕਈ ਸਕੂਲਾਂ ਵਿੱਚ ਵੋਟਰ ਜਾਗਰੂਕਤਾ ਸਾਈਕਲ ਰੈਲੀਆਂ ਦਾ ਆਯੋਜਨ ਕੀਤਾ ਗਿਆ। ਜਿਲ੍ਹਾ ਪ੍ਰਸ਼ਾਸਨ ਵਲੋਂ ਆਮ ਵੋਟਰਾਂ ਨੂੰ ਵੋਟਾਂ ਪ੍ਰਤੀ ਜਾਗਰੂਕ ਕਰਨ ਲਈ ਸਵੀਪ ਗਤੀਵਿਧੀਆਂ ਲਗਾਤਾਰ ਕੀਤੀਆਂ ਜਾ ਰਹੀਆਂ ਹਨ ਭਾਰਤ ਚੋਣ ਕਮਿਸ਼ਨ ਵਲੋਂ ਚੋਣਾਂ ਨੂੰ ਇੱਕ ਤਿਉਹਾਰ ਦੀ ਤਰ੍ਹਾਂ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ,ਇਸੇ ਲਈ ਚੋਣ ਕਮਿਸ਼ਨ ਵਲੋਂ 'ਚੋਣਾਂ ਦਾ ਪਰਵ, ਦੇਸ਼ ਦਾ ਗਰਵ' ਨੂੰ ਲੋਕ ਸਭਾ ਚੋਣਾਂ-2024 ਦਾ ਸਲੋਗਨ ਬਣਾਇਆ ਗਿਆ ਹੈ।

## ਕੈਬਨਿਟ ਮੰਤਰੀ ਈ.ਟੀ.ਓ. ਨੇ ਸੰਤ ਬਾਬਾ ਅਜੈਬ ਸਿੰਘ ਜੀ ਮੱਖਣਵਿੰਡੀ ਨੂੰ ਕੀਤੇ ਸ਼ਰਧਾ ਦੇ ਫੁੱਲ ਭੇਂਟ



ਅੰਮ੍ਰਿਤਸਰ, 3 ਅਪ੍ਰੈਲ ( ਹਰਪਾਲ ਸਿੰਘ ਭੰਗੂ)-ਪੰਥ ਦੀ ਬਹੁਤ ਹੀ ਸਤਿਕਾਰਤ ਸਖਸ਼ੀਅਤ ਬ੍ਰਹਮਗਿਆਨੀ ਸ੍ਰੀਮਾਨ ਸੰਤ ਬਾਬਾ ਅਜੈਬ ਸਿੰਘ ਜੀ ਮੱਖਣਵਿੰਡੀ ਵਾਲੇ ਜੋ ਕਿ ਪਿਛਲੀ ਦਿਨੀ ਗੁਰੂਧਾਮਾਂ ਦੀ ਸੇਵਾ ਕਰਦਿਆਂ 23 ਮਾਰਚ ਨੂੰ ਇਸ ਫਾਨੀ ਸੰਸਾਰ ਵਿਚੋਂ ਗੁਰਪੁਰੀ ਸਿਧਾਰ ਗਏ ਸਨ ਦੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ 'ਤੇ ਵਿਸ਼ੇਸ਼ ਤੌਰ ਤੇ ਕੈਬਨਿਟ ਮੰਤਰੀ ਸ: ਹਰਭਜਨ ਸਿੰਘ ਈ.ਟੀ.ਓ. ਅਤੇ ਸ: ਕੁਲਦੀਪ ਸਿੰਘ ਧਾਲੀਵਾਲ ਪੁੱਜੇ ਅਤੇ ਬਾਬਾ ਜੀ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਂਟ ਕੀਤੇ।ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸ: ਈ.ਟੀ.ਓ. ਨੇ ਕਿਹਾ ਕਿ ਬਾਬਾ ਜੀ ਨੇ ਹਮੇਸ਼ਾਂ ਹੀ ਸੰਗਤਾਂ ਤੇ ਪਰਉਪਕਾਰ ਕਰਦਿਆਂ ਸੰਗਤਾਂ ਨੂੰ ਗੁਰਸ਼ਬਦ ਨਾਲ ਜੋੜਿਆ ਹੈ। ਉਨਾਂ ਕਿਹਾ ਕਿ ਅੱਜ ਸਮੇਂ ਦੀ ਵੱਡੀ ਲੋੜ ਹੈ ਕਿ ਇਨਾਂ ਸਖਸ਼ੀਅਤਾਂ ਵਲੋਂ ਦਿਖਾਏ ਗਏ ਰਸਤੇ ਤੇ ਚਲੀਏ। ਉਨਾਂ ਕਿਹਾ ਕਿ ਅੱਜ ਦੇ ਸਮਾਜ ਨੂੰ ਇਨਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ ਤਾਂ ਜੋ ਆਪਣਾ ਜੀਵਨ ਗੁਰੂ ਧਾਮਾਂ ਦੀ ਸੇਵਾ ਵਿੱਚ ਲਾ ਸਕੀਏ। ਇਸ ਮੌਕੇ ਬਾਬਾ ਸਰਦਾਰਾ ਸਿੰਘ ਜੀ ਨੂੰ ਪੱਗ ਬੰਨ੍ਹਣ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਜੱਗਾ ਮਜੀਠੀਆ, ਰਾਜਬੀਰ ਮੱਖਣਵਿੰਡੀ, ਸੁੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।



## ਖ਼ਾਲਸਾ ਕਾਲਜ ਫ਼ਿਜ਼ੀਕਲ ਐਜੂਕੇਸ਼ਨ ਦੇ ਵਿਦਿਆਰਥੀ

# ਫ਼ਤਿਹ ਸਿੰਘ ਨੇ ਗਤਕੇ ਦੇ ਇੰਟਰ 'ਵਰਸਿਟੀ ਮੁਕਾਬਲੇ 'ਚ ਸੋਨ ਤਗਮਾ ਹਾਸਲ ਕੀਤਾ

ਅੰਮ੍ਰਿਤਸਰ, 3 ਅਪ੍ਰੈਲ (ਹਰਪਾਲ ਸਿੰਘ ਭੰਗੂ)– ਖ਼ਾਲਸਾ ਕਾਲਜ ਆਫ਼ ਫ਼ਿਜ਼ੀਕਲ ਐਜੂਕੇਸ਼ਨ ਦੇ ਵਿਦਿਆਰਥੀ ਨੇ ਲਕਸ਼ਮੀ ਨਰਾਇਣ ਕਾਲਜ ਆਫ਼ ਟੈਕਨਾਲੋਜੀ, ਯੂਨੀਵਰਸਿਟੀ (ਐਲ. ਐਨ. ਸੀ. ਟੀ.), ਭੋਪਾਲ (ਐਮ. ਪੀ.) ਵਿਖੇ ਗਤਕੇ ਦੇ ਕਰਵਾਏ ਗਏ 'ਆਲ ਇੰਡੀਆ ਅੰਤਰ ਯੂਨੀਵਰਸਿਟੀ ਮੁਕਾਬਲੇ' 'ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨੇ ਦਾ ਤਮਗਾ ਹਾਸਲ ਕਰ ਕੇ ਕਾਲਜ, ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਕਾਲਜ ਡਾਇਰੈਕਟਰ-ਕਮ-ਪ੍ਰਿੰਸੀਪਲ ਡਾ. ਕੰਵਲਜੀਤ ਸਿੰਘ ਨੇ ਜੇਤੂ ਵਿਦਿਆਰਥੀ ਨੂੰ ਮੁਬਾਰਕਬਾਦ ਦਿੰਦਿਆਂ ਦੱਸਿਆ ਕਿ ਬੀ. ਪੀ. ਐਡ (2 ਸਾਲਾ) ਕੋਰਸ ਦੇ ਚੌਥੇ ਸਮੈਸਟਰ ਦੇ ਵਿਦਿਆਰਥੀ ਫ਼ਤਿਹ ਸਿੰਘ ਨੇ ਫ਼ਾਈਨਲ ਮੁਕਾਬਲੇ ਤੋਂ ਪਹਿਲਾਂ 5 ਮੈਚਾਂ 'ਚ ਜਿੱਤ ਹਾਸਲ ਕਰਨ ਉਪਰੰਤ ਸਿੰਗਲ ਸਟਿਕ ਪ੍ਰਤੀਯੋਗਤਾ 'ਚ ਇਹ ਮੁਕਾਮ ਪ੍ਰਾਪਤ ਕਰ ਕੇ ਕਾਲਜ ਦਾ ਮਾਣ ਵਧਾਇਆ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀ ਨੇ ਫਾਈਨਲ ਮੁਕਾਬਲੇ 'ਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ 40-28 ਦੀ ਸਕੋਰ ਨਾਲ ਹਰਾ ਕੇ ਫ਼ਤਿਹ ਹਾਸਲ ਕੀਤੀ।ਉਨ੍ਹਾਂ ਕਿਹਾ ਕਿ ਉਕਤ ਮੁਕਾਬਲੇ 'ਚ ਦੇਸ਼ ਭਰ 'ਚੋਂ ਕਰੀਬ 35 ਯੂਨੀਵਰਸਿਟੀ ਟੀਮਾਂ ਨੇ ਭਾਗ ਲਿਆ ਸੀ। ਉਨ੍ਹਾਂ ਕਿਹਾ ਕਿ ਫ਼ਤਿਹ ਸਿੰਘ ਨੇ ਬੀਤੇ ਸਮੇਂ ਯੂਨੀਵਰਸਿਟੀ ਆਫ਼ ਇੰਜ਼ੀਨੀਅਰਿੰਗ ਐਂਡ ਮੈਨੇਜ਼ਮੈਂਟ, ਜੈਪੁਰ ਵਿਖੇ ਹੋਏ ਅੰਤਰ ਯੂਨੀਵਰਸਿਟੀ ਪ੍ਰਤੀਯੋਗਤਾ ਤੋਂ ਇਲਾਵਾ ਦਿੱਲੀ ਵਿਖੇ ਹੋਏ ਰਾਸ਼ਟਰੀ ਮੁਕਾਬਲਿਆਂ 'ਚ ਵੀ ਸੋਨੇ ਦੇ ਤਗਮੇ ਹਾਸਲ ਕੀਤੇ ਸਨ। ਇਸ ਮੌਕੇ ਉਨ੍ਹਾਂ ਉਕਤ ਵਿਦਿਆਰਥੀ ਦੇ ਸੁਨਿਹਰੇ ਭਵਿੱਖ ਦੀ ਕਾਮਨਾ ਕਰਦੇ ਹੋਏ ਉਚ ਪੱਧਰ ਦਾ ਮੁਕਾਮ ਹਾਸਲ ਕਰਨ ਲਈ ਉਤਸ਼ਾਹਿਤ ਕੀਤਾ।



## सांसद गुरजीत सिंह औजला ने दी पूर्व प्रधानमंत्री

# डा. मनमोहन सिंह को राज्यसभा से रिटायर होने पर शुभकामनाएं, कहा-उनके लिए हमेशा प्रेरणा स्त्रोत



अमृतसर, 3 अप्रैल (हरपाल सिंह भंगू): पूर्व प्रधानमंत्री डा. मनमोहन सिंह के 33सालों के बाद रिटायर होने पर सांसद गुरजीत सिंह औजला ने शुभकामनाएं दी हैं। उन्होंने कहा कि वो हमेशा ही उनके लिए प्रेरणा स्त्रोत हैं और उनका मार्गदर्शन हमेशा उन्हें सफलता देता है। सांसद गुरजीत सिंह औजला ने कहा कि डॉक्टर मनमोहन सिंह का आज राज्यसभा से कार्यकाल पूरा हुआ है। जिन्होंने देश में बहुत बड़ी सेवा की ओर देश का नाम पूरी दुनियां में ऊंचा किया है। वो ऐसे संस्था रूपी शख्सियत को हमेशा ही बहुत ऊंचा मानते हैं और हमेशा ही उन्हें अपने प्रेरणा स्त्रोत मानते हैं। उन्होंने कहा कि सबको ऐसे व्यक्ति पर गर्व होना चाहिए जिन्होंने देश को उस समय संभाला जब देश आर्थिक रूप से बहुत कमजोर हो गया था। वो उनको तहेदिल से शुभकामनाएं देते हैं और उनकी लंबी उमर के लिए अरदास करते हैं। सांसद गुरजीत सिंह औजला ने बताया की डॉक्टर मनमोहन सिंह का अमृतसर से बेहद लगाव हैं क्योंकि वो यहीं पले बड़े हैं। उनका मार्गदर्शन हमेशा उन्हें अमृतसर के लिए कुछ नया और अच्छा करने के लिए प्रेरित करता है। वहीं डॉक्टर मनमोहन सिंह बेशक सक्रिय राजनीति से रिटायर हो रहे है लेकिन कांग्रेस में उनका खास स्थान कायम रहेगा। पिछले लोकसभा चुनावों में अमृतसर से संबंध रखते डॉक्टर मनमोहन सिंह के बारे में जब चर्चा छिड़ी थी कि वो अमृतसर से लोकसभा चुनाव लड़ सकते हैं तो गुरु नगरी से सांसद गुरजीत सिंह औजला ने सबसे पहले इस फैसले का स्वागत किया था और डॉक्टर मनमोहन सिंह के लिए सीट छोड़ने को तैयार हो गए थे। उसके बाद डॉक्टर मनमोहन सिंह ने सांसद औजला के लिए लोगों को संदेश दिया था। उन्होंने कहा था कि अमृतसर शहर उनका अपना शहर है और उनका इससे खास प्यार है। उन्होंने कहा था कि इस लोकसभा चुनावों में अमृतसर के लोग न केवल एक सदस्य चुनकर भेज रहे हैं बल्कि भारतीय जम्हूरियत सभा के 545 सदस्यों में से एक को चुन रहे हैं। उन्होंने कहा था कि उन्हें पूरा भरोसा है कि अमृतसर के लोग सच और हक के लिए हो वोट करेंगे। संसद औजला के मुताबिक यह संदेश सिर्फ एक संदेश नहीं था बल्कि डॉक्टर मनमोहन सिंह का आशीर्वाद और विश्वास था जो कि उन्होंने उन पर दिखाया था। सांसद औजला के मुताबिक डॉक्टर मनमोहन सिंह रिटायर होने के बावजूद उनके लिए मार्गदर्शक हैं और हमेशा रहेंगे। वो उनकी रिटॉरमेंट पर उन्हें तहे दिल से शुभकामनाएं देते हैं।

# सोनिया गांधी से आशीर्वाद लेने दिल्ली पहुंचे गुरजीत सिंह औजला



अमृतसर, 3 अप्रैल (हरपाल सिंह भंगू): सांसद गुरजीत सिंह औजला मंगलवार को कांग्रेस सीनियर लीडर सोनिया गांधी से मिलने पहुंचे। उनके साथ अन्य कांग्रेसी सांसद भी मौजूद थे। उन्होंने उनका आशीर्वाद लिया और आने वाले लोकसभा चुनावों पर चर्चा की। अमृतसर से कांग्रेस लीडर और सांसद गुरजीत सिंह औजला ने आज कांग्रेसी सांसद जसबीर सिंह डिंपा, मनीष तिवारी, अमर सिंह, मोहम्मद सदीक सहित कांग्रेस सीनियर लीडर सोनिया गांधी से उनके गृह स्थल पर मुलाकात की। उन्होंने इस दौरान आने वाले लोकसभा चुनावों पर चर्चा की। सांसद गुरजीत सिंह औजला ने सोनिया गांधी से अमृतसर के भी अहम मुद्दों के बारे में विस्तार से चर्चा की। लोकसभा चुनावों में कांग्रेस की जीत के लिए उन्होंने आशीर्वाद लिया। गुरजीत सिंह औजला ने कहा कि चुनावों से पहले वो सोनिया गांधी से मिलने और उनका मार्गदर्शन लेने पहुंचे थे। उन्हें पूरी उम्मीद है कि अमृतसर से लोकसभा की सीट अगर उन्हें मिलती है तो वो उसे जीत कर कांग्रेस की झोली में डालेंगे।उन्होंने श्रीमती सोनिया गांधी को भी विश्वास दिलाया कि वो जीत के बाद एक बार फिर से उनका आशीर्वाद लेने पहुंचेंगे।

## ਇੱਕ ਨਜ਼ਰ



# ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੈ - ਈ.ਟੀ.ਓ.

ਅੰਮ੍ਰਿਤਸਰ, 3 ਅਪ੍ਰੈਲ ( ਹਰਪਾਲ ਸਿੰਘ ਭੰਗੂ)– ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਦੇ ਹਿੱਤਾਂ ਲਈ ਵਚਨਬੱਧ ਹੈ ਅਤੇ ਇਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੈ ਅਤੇ ਕਿਸਾਨਾਂ ਨੂੰ ਕਿਸੇ ਵੀ ਕਿਸਮ ਦੀ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸ: ਹਰਭਜਨ ਸਿੰਘ ਈ ਟੀ ਓ ਨੇ 31 ਮਾਰਚ 2024 ਨੂੰ ਸ਼ੰਭੂ ਬਾਰਡਰ ਵਿਖੇ ਚਲ ਰਹੇ ਕਿਸਾਨੀ ਸੰਘਰਸ਼ ਵਿੱਚ ਜੰਡਿਆਲਾ ਗੁਰੂ ਦੇ ਪਿੰਡ ਤਰਸਿੱਕਾ ਦੇ ਭਗਤਾਂ ਦੇ ਡੇਰੇ ਦੇ ਵਾਸੀ ਕਿਸਾਨ ਦਇਆ ਸਿੰਘ ਪੁੱਤਰ ਸ਼ਿੰਗਾਰਾ ਸਿੰਘ, ਦੇ ਅਕਾਲ ਚਲਾਣੇ ਕਰਨ ਤੇ ਉਸਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕੀਤਾ। ਉਨਾਂ ਕਿਹਾ ਕਿ ਇਸ ਕਿਸਾਨੀ ਸ਼ੰਘਰਸ਼ ਵਿੱਚ ਸਾਡੇ ਕਈ ਕਿਸਾਨ ਅਕਾਲ ਚਲਾਣਾ ਕਰ ਗਏ ਹਨ ਉਨਾਂ ਕਿਹਾ ਕਿ ਕੇਂਦਰ ਵਿੱਚ ਬੈਠੀ ਸਰਕਾਰ ਪੰਜਾਬ ਦੇ ਕਿਸਾਨਾਂ ਦੇ ਹਿੱਤਾਂ ਦੀ ਅਣਦੇਖੀ ਕਰ ਰਹੀ ਹੈ ਉਨਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਕਿਸਾਨ ਵੀਰ ਕੇਂਦਰ ਦੀ ਸਰਕਾਰ ਨੂੰ ਚੰਗਾ ਜਵਾਬ ਦੇਣਗੇ। ਉਨਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਵਹਿਗੁਰੂ ਜੀ ਦੇ ਅੱਗੇ ਅਰਦਾਸ ਕੀਤੀ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ। ਇਸ ਮੌਕੇ ਸਰਬਜੀਤ ਸਿੰਘ ਡਿੰਪੀ, ਭੁਪਿੰਦਰ ਸਿੰਘ ਰਮਾਣਾ ਚੱਕ, ਜਗਦੀਪ ਤਰਸਿੱਕਾ ਵੀ ਹਾਜ਼ਰ ਸਨ।

# ਖ਼ਾਲਸਾ ਕਾਲਜ ਵੂਮੈਨ ਦੀਆਂ ਵਿਦਿਆਰਥਣਾਂ 'ਬੈਸਟ ਕਾਸਟਿਊਮ ਡਿਜ਼ਾਈਨਰ' ਨਾਲ ਸਨਮਾਨਿਤ



ਅੰਮ੍ਰਿਤਸਰ, 3 ਅਪ੍ਰੈਲ (ਹਰਪਾਲ ਸਿੰਘ ਭੰਗੂ)–ਖ਼ਾਲਸਾ ਕਾਲਜ ਫ਼ਾਰ ਵੂਮੈਨ ਦੇ ਫੈਸ਼ਨ ਡਿਜ਼ਾਈਨਿੰਗ ਦੀਆਂ ਵਿਦਿਆਰਥਣਾਂ ਨੇ ਨੋਇਡਾ ਫ਼ਿਲਮ ਸਿਟੀ ਵਿਖੇ 360 ਐਡਵਰਟਾਈਜ਼ਿੰਗ ਪ੍ਰੋਡਕਸ਼ਨ ਵੱਲੋਂ ਕਰਵਾਏ ਗਏ ਰਨਵੇ ਸ਼ੋਅ 'ਚ ਹਿੱਸਾ ਲੈਂਦਿਆਂ 'ਬੈਸਟ ਕਾਸਟਿਊਮ ਡਿਜ਼ਾਈਨਰ' ਵਜੋਂ ਖਿਤਾਬ ਹਾਸਲ ਕੀਤਾ ਹੈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਸੁਰਿੰਦਰ ਕੌਰ ਨੇ ਜੇਤੂ ਵਿਦਿਆਰਥਣਾਂ ਨੂੰ ਮੁਬਾਰਕਬਾਦ ਦਿੰਦਿਆਂ ਦੱਸਿਆ ਕਿ ਵਿਦਿਆਰਥਣਾਂ ਨੇ ਕ੍ਰਮਵਾਰ 3 ਰਾਉਂਡ ਈਵਨਿੰਗ ਵੀਅਰ, ਫੁਲਕਾਰੀ ਦੇ ਨਾਲ ਫ਼ੈਸ਼ਨ ਪਹਿਰਾਵੇ ਅਤੇ ਚਮਕਦਾਰ ਫ਼ੈਸ਼ਨ ਪਹਿਰਾਵੇ 'ਚ ਆਪਣੀ ਰਚਨਾਤਮਕਤਾ ਦਾ ਪ੍ਰਦਰਸ਼ਨ ਕੀਤਾ। ਉਨ੍ਹਾਂ ਕਿਹਾ ਕਿ ਇਸ ਸ਼ੋਅ 'ਚ ਕਾਲਜ ਦੇ 44 ਡਿਜ਼ਾਈਨਰਾਂ ਨੇ ਹਿੱਸਾ ਲੈਂਦਿਆਂ ਪੰਜਾਬੀ ਪ੍ਰੰਪਰਾ ਨੂੰ ਰਾਸ਼ਟਰੀ ਪੱਧਰ 'ਤੇ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਸੈਲੀਬ੍ਰਿਟੀ ਮਹਿਕ ਚਹਿਲ ਦੁਆਰਾ ਵਿਦਿਆਰਥੀਆਂ ਨੂੰ 'ਬੈਸਟ ਕਾਸਟਿਊਮ ਡਿਜ਼ਾਈਨਰ' ਵਜੋਂ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਵਿਦਿਆਰਥਣਾਂ ਨੇ ਕਾਲਜ ਦੀ ਮੈਨੇਜਮੈਂਟ ਅਤੇ ਪ੍ਰਿੰ: ਡਾ. ਸੁਰਿੰਦਰ ਕੌਰ ਦਾ ਕਲਾ ਨੂੰ ਉਭਾਰਣ ਵਾਲੇ ਅਜਿਹੇ ਪ੍ਰੋਗਰਾਮਾਂ ਦਾ ਹਿੱਸਾ ਬਣਨ ਦੇ ਮੌਕੇ ਪ੍ਰਦਾਨ ਕਰਨ ਲਈ ਧੰਨਵਾਦ ਕੀਤਾ। ਇਸ ਮੌਕੇ ਵਿਭਾਗ ਮੁੱਖੀ ਸ੍ਰੀਮਤੀ ਸ਼ਰੀਨਾ ਮਹਾਜਨ ਅਤੇ ਸਮੁੱਚੇ ਫੈਕਲਟੀ ਮੈਂਬਰ ਨੇ ਵਿਦਿਆਰਥੀਆਂ ਨੂੰ ਇਸ ਵੱਡੀ ਪ੍ਰਾਪਤੀ ਲਈ ਵਧਾਈ ਦਿੱਤੀ।


ਸਿੰਗ ਆਪ੍ਰੇਸ਼ਨ

STING OPERATION
(Newspaper & Web Channel)

के लिए समूह भारत में जिला इंचार्ज, पत्रकारों एवं विज्ञापन एजैंट्स की जरूरत है।

सम्पर्क करें

90416-59160
stingnews24@gmail.com

# ਸਟਿੰਗ ਆਪ੍ਰੇਸ਼ਨ

e-mail : stingnews24@gmail.com
www.stingoperation.us

ਜਲੰਧਰ । ਵੀਰਵਾਰ, 4 ਅਪ੍ਰੈਲ 2024

ਅੰਮ੍ਰਿਤਸਰ (ਤਰਨ ਤਾਰਨ) ਨਵੀਂ ਦਿੱਲੀ






## ਇੱਕ ਨਜ਼ਰ



### ਦਿੱਲੀ ਕਮੇਟੀ ਨੇ ਭਾਈ ਅਵਤਾਰ ਸਿੰਘ ਤੇ ਦਿਲਬਾਗ ਸਿੰਘ ਨੂੰ ਸੇਵਾ ਮੁਕਤੀ 'ਤੇ ਕੀਤਾ ਸਨਮਾਨਿਤ

ਨਵੀਂ ਦਿੱਲੀ, 3 ਅਪ੍ਰੈਲ (ਸੁਖਰਾਜ ਸਿੰਘ): ਦਿੱਲੀ ਦੇ ਇਤਿਹਾਸਕ ਗੁਰਦੁਆਰਾ ਸ਼੍ਰੀ ਬਾਲਾ ਸਾਹਿਬ ਵਿਖੇ ਸੇਵਾ ਨਿਭਾ ਰਹੇ ਸੇਵਾਦਾਰ ਭਾਈ ਅਵਤਾਰ ਸਿੰਘ, ਗੈਸ ਅਪਰੇਟਰ ਸ. ਦਿਲਬਾਗ ਸਿੰਘ ਲੰਬੀ ਸੇਵਾ ਕਰਨ ਤੋਂ ਬਾਅਦ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਸੇਵਾ ਮੁਕਤ ਹੋਏ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਨੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਦਿੱਲੀ ਕਮੇਟੀ ਦੇ ਜਰਨਲ ਮੈਨੇਜਰ ਸ. ਬਲਬੀਰ ਸਿੰਘ ਅਤੇ ਸ. ਇਕਬਾਲ ਸਿੰਘ ਵੱਲੋਂ ਚੈਕ ਅਤੇ ਸਨਮਾਨ ਪੱਤਰ ਦਿੱਤਾ ਗਿਆ। ਗੁਰਦੁਆਰਾ ਬਾਲਾ ਸਾਹਿਬ ਦੇ ਡਿਪਟੀ ਜਰਨਲ ਮੈਨੇਜਰ ਸ. ਯਸਪਾਲ ਸਿੰਘ ਅਤੇ ਗੁਰਮਤਿ ਪ੍ਰਚਾਰਕ ਸਭਾ ਦੇ ਪ੍ਰਧਾਨ ਪਰਮਜੀਤ ਸਿੰਘ ਕੰਧਾਰੀ ਵਲੋਂ ਇਨ੍ਹਾਂ ਮੁਲਾਜਮਾਂ ਵੱਲੋਂ ਕੀਤੀਆਂ ਸੇਵਾਵਾਂ ਦੀ ਪ੍ਰਸੰਸਾ ਕੀਤੀ ਗਈ ਨਾਲ ਹੀ ਗੁਰਦੁਆਰਾ ਸਟਾਫ ਵੱਲੋ ਸਾਂਝੇ ਤੌਰ 'ਤੇ ਲਿਆਂਦਾ ਗਿਆ ਗਿਫਟ ਵੀ ਦਿੱਤਾ ਗਿਆ ਸਟੇਜ ਦੀ ਸੇਵਾ ਨਿਭਾ ਰਹੇ ਸ. ਅਵਤਾਰ ਸਿੰਘ ਵੇਰਕਾ ਵੱਲੋ ਸਮੂਹ ਸਟਾਫ ਨੂੰ ਬੇਨਤੀ ਕੀਤੀ ਕਿ ਉਹ ਗੁਰਦੁਆਰਾ ਸਾਹਿਬ ਵਿੱਖੇ ਪਿਆਰ ਅਤੇ ਨਿਮਰਤਾ ਨਾਲ ਸੇਵਾ ਕਰਨ ਜਿਸ ਨਾਲ ਸੰਗਤਾਂ ਵਿਚ ਸਾਡਾ ਚੰਗਾ ਸੁਨੇਹਾ ਜਾਵੇ ।

### ਹਰਜੀਤ ਸਿੰਘ ਹਰਜੀ ਨੂੰ ਬਾਬਾ ਪੂਰਨ ਦਾਸ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ

ਸਰਾਏ ਅਮਾਨਤ ਖਾਂ, 3 ਅਪ੍ਰੈਲ (ਗੁਰਬੀਰ ਸਿੰਘ ਗੰਡੀਵਿੰਡ)- ਸਰਹੱਦੀ ਪਿੰਡ ਗੰਡੀਵਿੰਡ ਵਿਖੇ ਗੁਰਦੁਆਰਾ ਬਾਬਾ ਪੂਰਨ ਦਾਸ ਦੀ ਕਮੇਟੀ ਦੇ ਨਵੇਂ ਮੈਂਬਰ ਚੁਣੇ ਗਏ ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਸੁਖਵੰਤ ਸਿੰਘ ਨੇ ਕਿਹਾ ਕਿ ਜਲਾਲ ਦੀ ਪੱਤੀ ਵੱਲੋਂ ਪਹਿਲਾਂ ਮੈਂਬਰ ਨਵਤੇਜ ਸਿੰਘ ਮੈਂਬਰ ਸੀ ਹੁਣ ਉਹਦੀ ਜਗਾ ਹਰਜੀਤ ਸਿੰਘ ਹਰਜੀ ਨੂੰ ਜਲਾਲ ਦੀ ਪੱਤੀ ਦਾ ਮੈਂਬਰ ਨਿਯੁਕਤ ਕੀਤਾ ਗਿਆ ।ਜ਼ੋ ਅੱਜ ਤੋਂ ਗੁਰਦੁਆਰਾ ਸਾਹਿਬ ਦੀ ਦੇਖਭਾਲ ਕਰਨਗੇ ।ਇਸ ਮੌਕੇਂ ਸੁਖਵੰਤ ਸਿੰਘ, ਸਤਨਾਮ ਸਿੰਘ ਭੱਠੇ ਵਾਲੇ, ਤੇਜਬੀਰ ਸਿੰਘ, ਨਵਤੇਜ ਸਿੰਘ, ਹਰਦੇਵ ਸਿੰਘ, ਲੱਖਾਂ ਸਿੰਘ, ਜੋਗਿੰਦਰ ਸਿੰਘ,ਦੀਪੂ ਢਿੱਲੋਂ, ਸ਼ਰਨਜੀਤ ਸਿੰਘ, ਆਦਿ ਹਾਜ਼ਰ ਸਨ

### ਜੋ ਕੌਮਾਂ ਆਪਣੇ ਧਰਮ ਤੇ ਕੌਮੀਅਤ ਨੂੰ ਮੁੱਖ ਰੱਖਦੀਆਂ ਹਨ, ਉਹ ਕੌਮਾਂ ਹੀ ਆਜਾਦ ਮੁਲਕ ਬਣਾਉਣ ਤੇ ਅਣਖ ਨਾਲ ਜੀਊਣ ਦਾ ਹੱਕ ਪ੍ਰਾਪਤ ਕਰਦੀਆਂ ਹਨ : ਮਾਨ



ਨਵੀਂ ਦਿੱਲੀ, 3 ਅਪ੍ਰੈਲ (ਸੁਖਰਾਜ ਸਿੰਘ): ਪੰਜਾਬੀਆਂ ਤੇ ਸਿੱਖਾਂ ਨੂੰ ਇਸ ਗੱਲ ਦੀ ਪੂਰੀ ਜਾਣਕਾਰੀ ਹੋਈ ਚਾਹੀਦੀ ਹੈ ਕਿ ਜੋ ਹੁਕਮਰਾਨਾਂ ਵੱਲੋ ਚੋਣਾਂ ਕਰਵਾਈਆ ਜਾਂਦੀਆਂ ਹਨ, ਉਸ ਪਿੱਛੇ ਉਨ੍ਹਾਂ ਦਾ ਕੀ ਮਕਸਦ ਤੇ ਨਿਸਾਨੇ ਹਨ ਅਤੇ ਇਨ੍ਹਾਂ ਚੋਣਾਂ ਵਿਚ ਹਿੱਸਾ ਲੈਣ ਵਾਲੀਆ ਕੌਮਾਂ ਤੇ ਪਾਰਟੀਆਂ ਨੇ ਕਿਸ ਸੰਜੀਦਗੀ ਨਾਲ ਜਿੰਮੇਵਾਰੀ ਨਿਭਾ ਕੇ ਆਪਣੀ ਕੌਮੀਅਤ ਅਤੇ ਧਰਮ ਨੂੰ ਉਪਰ ਰੱਖਦੇ ਹੋਏ ਮਜਬੂਤ ਕਰਨਾ ਹੈ ।ਬੀ.ਜੇ.ਪੀ (ਆਰ.ਐਸ.ਐਸ) ਕੱਟੜਵਾਦੀ ਹਿੰਦੂ ਜਮਾਤਾਂ ਹਨ, ਇਹ ਚੋਣ ਹਿੰਦੂਤਵ ਦਾ ਬੋਲਬਾਲਾ ਕਰਨ ਲਈ ਚੋਣ ਲੜ ਰਹੇ ਹਨ, ਕਿਉਂਕਿ ਇਨ੍ਹਾਂ ਨੇ ਆਪਣੇ ਧਰਮ ਨੂੰ ਸਭ ਤੋ ਉਪਰ ਰੱਖਿਆ ਹੈ ।ਇਨ੍ਹਾਂ ਨੇ ਹਿੰਦੂਤਵ ਦਾ ਬੋਲਬਾਲਾ ਕਰਨ ਹਿੱਤ ਲੰਮੇ ਸਮੇ ਤੋਂ ਤਿਆਰ ਵਿੱਢੀ ਹੋਈ ਹੈ। 1984 ਵਿਚ ਇੰਦਰਾ ਗਾਂਧੀ ਦੀ ਕਾਂਗਰਸ ਸਰਕਾਰ ਨੇ ਇਨ੍ਹਾਂ ਹਿੰਦੂਤਵ ਜਮਾਤਾਂ ਦੇ ਸਹਿਯੋਗ ਰਾਹੀ ਸਾਡੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਉਤੇ ਫੌਜੀ ਹਮਲੇ ਕਰਵਾ ਕੇ ਢਹਿ-ਢੇਰੀ ਕਰਵਾਏ ।ਸ੍ਰੀ ਵਾਜਪਾਈ ਨੇ ਇਸ ਹਮਲੇ ਉਪਰੰਤ ਮਰਹੂਮ ਇੰਦਰਾ ਗਾਂਧੀ ਨੂੰ ਦੁਰਗਾ ਮਾਤਾ ਦਾ ਖਿਤਾਬ ਦਿੱਤਾ ਅਤੇ ਅਡਵਾਨੀ ਵਰਗੇ ਕੱਟੜਵਾਦੀ ਨੇ ਕਿਹਾ ਕਿ ਇਹ ਹਮਲਾ 6 ਮਹੀਨੇ ਪਹਿਲਾ ਹੋਣਾ ਚਾਹੀਦਾ ਸੀ ।ਇਸ ਉਪਰੰਤ 1992 ਵਿਚ ਮੁਸਲਿਮ ਕੌਮ ਦੇ ਧਾਰਮਿਕ ਬਾਬਰੀ ਮਸਜਿਦ ਨੂੰ ਢਹਿ-ਢੇਰੀ ਕੀਤਾ ।ਇਹ ਕਿਸੇ ਵੀ ਪਾਰਟੀ ਵਿਚ ਹੋਣ ਹਿੰਦੂ ਹਿੰਦੂਤਵ ਦੀ ਹੀ ਗੱਲ ਕਰਦਾ ਹੈ ।ਨਰਸਿਮਾ ਰਾਓ ਉਸ ਸਮੇਂ ਵਜੀਰ ਏ ਆਜਮ ਸਨ ਜਦੋ ਇਨ੍ਹਾਂ ਨੇ ਬਾਬਰੀ ਮਸਜਿਦ ਢਹਿ ਢੇਰੀ ਕੀਤੀ ।ਜੇਕਰ ਉਹ ਚਾਹੁੰਦੇ ਤਾਂ ਉਹ ਇਸ ਹਮਲੇ ਨੂੰ ਰੋਕ ਸਕਦੇ ਸੀ ਪਰ ਕਿਉਂਕਿ ਇਹ ਸਭ ਹਿੰਦੂਤਵ ਸੋਚ ਦੇ ਮਾਲਕ ਹਨ। ਇਨ੍ਹਾਂ ਨੇ ਬੀ.ਜੇ.ਪੀ (ਆਰ.ਐਸ.ਐਸ) ਨੂੰ ਇਹ ਗੈਰ ਵਿਧਾਨਿਕ ਅਮਲ ਕਰਨ ਦੀ ਖੁੱਲ੍ਹ ਦਿੱਤੀ। ਜਦੋਕਿ ਕਾਂਗਰਸ ਕਹਿੰਦੀ ਹੈ ਕਿ ਅਸੀ ਧਰਮ ਨਿਰਪੱਖ ਪਾਰਟੀ ਹਾਂ ਪਰ ਅਮਲ ਇਨ੍ਹਾਂ ਦੇ ਇਕੋ ਜਿਹੇ ਹਨ ਕਿਉਂਕਿ ਇਨ੍ਹਾਂ ਨੇ ਆਪਣੇ ਧਰਮ ਅਤੇ ਕੌਮੀਅਤ ਨੂੰ ਸਿੱਖਰ ਤੇ ਲਿਜਾਣਾ ਹੈ ।ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬੀਤੇ ਕੱਲ੍ਹ ਚੱਕ ਸੇਖੂਪੁਰ ਕਲਾਂ ਵਿਖੇ ਸਹੀਦ ਭਾਈ ਦੀਪ ਸਿੰਘ ਸਿੱਧੂ ਦੇ ਜਨਮ ਦਿਹਾੜੇ ਨੂੰ ਮਨਾਉਣ ਸਮੇਂ ਉਥੋ ਦੇ ਸਰਪੰਚ, ਵਾਰਿਸ ਪੰਜਾਬ ਦੇ ਜਥੇਬੰਦੀ ਅਤੇ ਸਿੱਖ ਕੌਮ ਨੇ ਮਿਲ ਕੇ ਮਨਾਉਣ ਦੇ ਕੀਤੇ ਗਏ ਉੱਦਮ ਅਤੇ ਇਸ ਮਹਾਨ ਮੌਕੇ ਤੇ 11 ਗਰੀਬ ਬੀਬੀਆਂ ਦੇ ਸਮੂਹਿਕ ਤੌਰ ਤੇ ਕੀਤੇ ਗਏ ਵਿਆਹ ਉਤੇ ਸੇਖੂਪੁਰ ਕਲਾਂ ਦੇ ਸਰਪੰਚ, ਵਾਰਿਸ ਪੰਜਾਬ ਦੇ ਜਥੇਬੰਦੀ ਦੇ ਆਗੂਆਂ ਅਤੇ ਸਿੱਖਾਂ ਨੂੰ ਭਾਈ ਦੀਪ ਸਿੱਧੂ ਦੇ ਜਨਮ ਦਿਨ ਅਤੇ 11 ਬੀਬੀਆਂ ਦੇ ਵਿਆਹ ਦੀ ਹਾਰਦਿਕ ਮੁਬਾਰਕਬਾਦ ਦਿੰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜਿਵੇ ਹਿੰਦੂ ਜਮਾਤਾਂ ਆਪਣੇ ਧਰਮ ਅਤੇ ਕੌਮੀਅਤ ਨੂੰ ਮੁੱਖ ਰੱਖ ਕੇ ਅਮਲ ਕਰਦੇ ਹਨ ਉਸੇ ਤਰ੍ਹਾਂ ਸੁਪਰੀਮ ਕੋਰਟ ਦੇ ਮੁੱਖ ਜੱਜ ਸ੍ਰੀ ਰੰਜਨ ਗੰਗੋਈ ਨੇ ਜਦੋ ਇਕ ਮੁਲਾਜਮ ਬੀਬੀ ਨਾਲ ਛੇੜਖਾਨੀ ਕੀਤੀ ਤਾਂ ਉਸ ਬੀਬੀ ਨੂੰ ਕਾਨੂੰਨ ਅਨੁਸਾਰ ਇਨਸਾਫ ਦੇਣ ਦੀ ਬਜਾਇ ਸਭ ਹਿੰਦੂਤਵ ਜੱਜਾਂ ਤੇ ਹੁਕਮਰਾਨਾਂ ਨੇ ਹਿੰਦੂਤਵ ਸੋਚ ਅਧੀਨ ਰੰਜਨ ਗੰਗੋਈ ਦਾ ਪੱਖ ਪੂਰਿਆ ਅਤੇ ਇਸ ਕੇਸ ਨੂੰ ਸੰਬੰਧਤ ਥਾਣੇ ਵਿਚ ਦਰਜ ਨਹੀ ਹੋਣ ਦਿੱਤਾ ।ਇਕ ਸੁਪਰੀਮ ਕੋਰਟ ਦੀ ਕਮੇਟੀ ਬਣਾ ਕੇ ਉਸ ਦੋਸ ਤੋ ਮੁੱਖ ਜੱਜ ਨੂੰ ਫਾਰਗ ਕਰ ਦਿੱਤਾ ਗਿਆ ।ਜਿਸਦੇ ਬਦਲੇ ਵਿਚ ਜਸਟਿਸ ਗੰਗੋਈ ਨੇ ਰਾਮ ਮੰਦਰ-ਮਸਜਿਦ ਦੇ ਆਏ ਫੈਸਲੇ ਨੂੰ ਇਹ ਕਹਿਕੇ ਕਿ ਇਥੇ ਪਹਿਲਾ ਮੰਦਰ ਹੁੰਦਾ ਸੀ ਅਤੇ ਮੰਦਰ ਬਣਨਾ ਚਾਹੀਦਾ ਹੈ, ਹਿੰਦੂਤਵ ਦੇ ਹੱਕ ਵਿਚ ਫੈਸਲਾ ਕੀਤਾ ।ਇਸ ਫੈਸਲੇ ਉਪਰੰਤ ਜਸਟਿਸ ਗੰਗੋਈ ਦੀ ਰਿਟਾਇਰਮੈਂਟ ਹੋ ਗਈ ਅਤੇ ਮੋਦੀ ਹਕੂਮਤ ਨੇ ਉਸਨੂੰ ਇਵਜਾਨੇ ਵੱਜੋ ਰਾਜ ਸਭਾ ਮੈਂਬਰ ਬਣਾ ਦਿੱਤਾ ।ਉਸ ਉਪਰੰਤ ਰਾਮ ਮੰਦਰ ਦੀ ਸਿਆਸੀ ਸੋਚ ਅਧੀਨ ਉਸਾਰੀ ਸੁਰੂ ਕਰ ਦਿੱਤੀ ਗਈ ।ਜਿਸਦਾ ਇਹ ਪ੍ਰਭਾਵ ਗਿਆ ਕਿ ਹਿੰਦੂ ਧਰਮ ਦੀ ਰੱਖਿਆ ਕੇਵਲ ਬੀਜੇਪੀ ਹੀ ਕਰ ਸਕਦੀ ਹੈ। ਇਸ ਵਿਸੇ ਉਤੇ ਸੁਪਰੀਮ ਕੋਰਟ ਨੇ ਇਨਸਾਫ ਨਹੀ ਦਿੱਤਾ।

## ਥਾਣਾ ਡੀ-ਡਵੀਜ਼ਨ ਦੇ ਐੱਸ.ਐਚ.ਓ. ਇੰਸਪੈਕਟਰ ਸੁਖਇੰਦਰ ਸਿੰਘ ਵੱਲੋਂ

# ਘਰ 'ਚੋਂ ਗਹਿਣੇ ਤੇ ਨਗਦੀ ਚੋਰੀ ਕਰਨ ਦੇ ਮਾਮਲੇ 'ਚ ਔਰਤ ਸਮੇਤ 2 ਗ੍ਰਿਫ਼ਤਾਰ



ਅੰਮ੍ਰਿਤਸਰ, 3 ਅਪ੍ਰੈਲ (ਹਰਪਾਲ ਸਿੰਘ ਭੰਗੂ)- ਪੁਲਿਸ ਨੂੰ ਸ਼ਿਕਾਇਤ ਕਰਤੀ ਸ੍ਰੀਮਤੀ ਪੂਜਾ ਦੇਵੀ ਵਾਸੀ ਗਲੀ ਕੂਚਾ ਖਾਨ ਸਿੰਘ, ਬਜਾਰ ਭੜਭੂਜਿਆਂ, ਸ਼ਕਤੀ ਨਗਰ, ਅੰਮ੍ਰਿਤਸਰ ਦੇ ਬਿਆਨ ਪਰ ਦਰਜ਼ ਰਜਿਸਟਰ ਕੀਤਾ ਗਿਆ ਕਿ ਉਸਦੀ ਅਲਮਾਰੀ ਦੇ ਲਾਕਰ ਵਿੱਚੋਂ ਸੋਨੇ ਦੇ ਗਹਿਣੇ ਅਤੇ ਨਗਦੀ ਚੋਰੀ ਹੋ ਗਈ ਹੈ। ਜਿਸਤੇ ਥਾਣਾ ਡੀ-ਡਵੀਜ਼ਨ, ਅੰਮ੍ਰਿਤਸਰ ਵੱਲੋਂ ਮੁਕੱਦਮਾਂ ਦਰਜ਼ ਰਜਿਸਟਰ ਕਰਕੇ ਤਫ਼ਤੀਸ਼ ਅਮਲ ਵਿੱਚ ਲਿਆਦੀ ਗਈ। ਮਾਨਯੋਗ ਕਮਿਸ਼ਨਰ ਪੁਲਿਸ, ਅੰਮ੍ਰਿਤਸਰ ਦੀਆਂ ਹਦਾਇਤਾਂ ਤੇ ਡਾ. ਦਰਪਣ ਆਹਲੂਵਾਲੀਆ, ਆਈ.ਪੀ.ਐਸ, ਏ.ਡੀ.ਸੀ.ਪੀ. ਸਿਟੀ-1, ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ਼ਾਂ ਤੇ ਸ੍ਰੀ ਸੁਰਿੰਦਰ ਸਿੰਘ, ਪੀ.ਪੀ.ਐਸ, ਏ.ਸੀ.ਪੀ. ਸੈਂਟਰਲ ਅੰਮ੍ਰਿਤਸਰ ਦੀ ਨਿਗਰਾਨੀ ਹੇਠ ਇੰਸਪੈਕਟਰ ਸੁਖਇੰਦਰ ਸਿੰਘ, ਮੁੱਖ ਅਫਸਰ ਥਾਣਾ ਡੀ-ਡਵੀਜਨ, ਅੰਮ੍ਰਿਤਸਰ ਦੀ ਪੁਲਿਸ ਪਾਰਟੀ ਏ.ਐਸ.ਆਈ ਸੁਦੇਸ ਕੁਮਾਰ ਸਮੇਤ ਸਾਥੀ ਕਰਮਚਾਰੀਆ ਵੱਲੋ ਮੁਕੱਦਮਾਂ ਦੀ ਜਾਂਚ ਹਰ ਐਂਗਲ ਤੋਂ ਕਰਨ ਤੇ ਮੁਕੱਦਮਾਂ ਵਿੱਚ ਲੋੜੀਂਦੇ ਮੁਲਜ਼ਮ ਅਨੂਪ ਕੁਮਾਰ ਪੁੱਤਰ ਅਸ਼ਵਨੀ ਕੁਮਾਰ ਵਾਸੀ ਕਿਰਾਏਦਾਰ ਗਲੀ ਕੱਚੇ ਕੁਆਟਰ ਮਾਡਲ ਟਾਊਨ, ਡਵੀਜਨ ਨੰਬਰ 2, ਪਠਾਨਕੋਟ ਅਤੇ ਚਾਹਤ ਪਤਨੀ ਸਾਹਿਲ ਪੁੱਤਰ ਦੀਪਕ ਕੁਮਾਰ ਵਾਸੀ ਮਕਾਨ ਨੰਬਰ 312, ਗਲੀ ਸਾਹਮਣੇ ਬਿੱਟੂ ਦੀ ਹੱਟੀ, ਢਾਂਗੂ ਪੀਰ, ਡਵੀਜਨ ਨੰਬਰ 2, ਪਠਾਨਕੋਟ ਨੂੰ ਕਾਬੂ ਕਰਕੇ 256 ਗ੍ਰਾਮ ਸੋਨਾ, ਜਿਸ ਵਿੱਚ 02 ਜੈਂਟਸ ਮੁੰਦਰੀਆ, 05 ਲੇਡਿਸ ਮੁੰਦਰੀਆ, 06 ਸੋਨੇ ਦੀਆਂ ਚੈਨਾਂ, 01 ਮੰਗਲ ਸੂਤਰ, 29 ਛੋਟੇ ਪੈਂਡਲ, 05 ਵੱਡੇ ਪੈਂਡਲ, 03 ਛੋਟੇ ਪੈਂਡਲ ਅਤੇ 07 ਕੋਲੀਆਂ ਬ੍ਰਾਮਦ ਕੀਤੀਆਂ ਗਈਆਂ। ਇਹਨਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕਰਕੇ ਬਾਰੀਕੀ ਨਾਲ ਪੁੱਛਗਿੱਛ ਕੀਤੀ ਜਾਵੇਗੀ।

# ਦਲਜੀਤ ਸਿੰਘ ਵਡਾਲੀ ਨੇ ਮਰੀਅਮ ਨਵਾਜ਼ ਵੱਲੋਂ ਪਾਕਿਸਤਾਨ 'ਚ ਪੰਜਾਬ ਦੇ ਸਕੂਲਾਂ 'ਚ ਪੰਜਾਬੀ ਪੜ੍ਹਾਉਣ ਦੇ ਐਲਾਨ ਦਾ ਕੀਤਾ ਸਵਾਗਤ

**▪ ਪੰਜਾਬੀ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਲੋਕਾਂ ਦੀ ਮਾਂ ਬੋਲੀ ਹੈ ਤੇ ਨਵੀਂ ਪੀੜ੍ਹੀ ਨੂੰ ਪੜ੍ਹਾਈ ਜਾਣੀ ਬੇਹੱਦ ਜ਼ਰੂਰੀ: ਦਲਜੀਤ ਸਿੰਘ ਵਡਾਲੀ • ਕਿਹਾ ਕਿ ਲਹਿੰਦੇ ਪੰਜਾਬ ਅੰਦਰ ਲੰਮੇ ਸਮੇਂ ਤੋਂ ਪੰਜਾਬੀ ਪੜ੍ਹਾਉਣ ਦਾ ਮਸਲਾ ਚਲਦਾ....**



ਨਵੀਂ ਦਿੱਲੀ, 3 ਅਪ੍ਰੈਲ (ਸੁਖਰਾਜ ਸਿੰਘ): ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦਿੱਲੀ ਪ੍ਰਦੇਸ਼ ਦੇ ਸਾਬਕਾ ਪ੍ਰਧਾਨ ਸ. ਦਲਜੀਤ ਸਿੰਘ ਵਡਾਲੀ ਨੇ ਗੁਆਂਢੀ ਮੁਲਕ ਪਾਕਿਸਤਾਨ 'ਚ ਪੰਜਾਬ ਦੀ ਨਵੀਂ ਬਣੀ ਮੁੱਖ ਮੰਤਰੀ ਮਰੀਅਮ ਨਵਾਜ਼ ਵੱਲੋਂ ਪੰਜਾਬ ਸੂਬੇ ਦੇ ਸਕੂਲਾਂ ਵਿੱਚ ਪੰਜਾਬੀ ਪੜ੍ਹਾਉਣ ਸਬੰਧੀ ਕੀਤੇ ਐਲਾਨ ਦਾ ਭਰਵਾਂ ਸਵਾਗਤ ਕੀਤਾ ਹੈ ।ਸ. ਦਲਜੀਤ ਸਿੰਘ ਵਡਾਲੀ ਨੇ ਕਿਹਾ ਕਿ ਪੰਜਾਬੀ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਲੋਕਾਂ ਦੀ ਮਾਂ ਬੋਲੀ ਹੈ, ਜੋ ਕਿ ਨਵੀਂ ਪੀੜ੍ਹੀ ਨੂੰ ਪੜ੍ਹਾਈ ਜਾਣੀ ਬੇਹੱਦ ਜ਼ਰੂਰੀ ਹੈ ।ਉਨ੍ਹਾਂ ਕਿਹਾ ਕਿ ਆਪਣੀ ਮਾਂ ਬੋਲੀ ਤੋਂ ਟੁੱਟ ਕੇ ਕੋਈ ਵੀ ਕੌਮ ਕਾਮਯਾਬ ਨਹੀਂ ਹੋ ਸਕਦੀ ਅਤੇ ਆਪਣੇ ਪੁਰਖਿਆਂ ਦੀ ਵਿਰਾਸਤ ਤੋਂ ਵੀ ਖੁੰਝ ਜਾਂਦੀ ਹੈ ।ਸ. ਦਲਜੀਤ ਸਿੰਘ ਵਡਾਲੀ ਨੇ ਕਿਹਾ ਕਿ ਮੀਡੀਆ ਰਾਹੀਂ ਉਨ੍ਹਾਂ ਨੂੰ ਜਾਣਕਾਰੀ ਮਿਲੀ ਹੈ ਕਿ ਬੀਤੇ ਦਿਨੀਂ ਪੰਜਾਬ ਸੱਭਿਆਚਾਰ ਦਿਵਸ ਸਮਾਗਮ ਤਹਿਤ ਪਾਕਿਸਤਾਨ ਵਿੱਚ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਨੇ ਇਹ ਐਲਾਨ ਕੀਤਾ ਹੈ ਕਿ ਸੂਬੇ ਦੇ ਸਕੂਲਾਂ ਵਿੱਚ ਪੰਜਾਬੀ ਨੂੰ ਵਿਸ਼ੇ ਵਜੋਂ ਪੜ੍ਹਾਉਣਾ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲਹਿੰਦੇ ਪੰਜਾਬ ਅੰਦਰ ਪੰਜਾਬੀ ਨੂੰ ਸਕੂਲਾਂ ਅੰਦਰ ਮੁੱਢਲੀ ਜਮਾਤਾਂ ਤੋਂ ਹੀ ਵਿਸ਼ੇ ਵਜੋਂ ਪੜ੍ਹਾਇਆ ਜਾਣਾ ਚਾਹੀਦਾ ਹੈ ਅਤੇ ਉੱਥੋਂ ਦੀ ਸੂਬਾ ਸਰਕਾਰ ਨੂੰ ਆਪਣੇ ਵੱਲੋਂ ਕੀਤੇ ਗਏ ਐਲਾਨ ਨੂੰ ਤੁਰੰਤ ਅਮਲੀ ਰੂਪ ਦੇਣਾ ਚਾਹੀਦਾ ਹੈ ।ਸ. ਵਡਾਲੀ ਨੇ ਕਿਹਾ ਕਿ ਮੌਜੂਦਾ ਸਮੇਂ ਲਹਿੰਦੇ ਪੰਜਾਬ ਅੰਦਰ ਪੰਜਾਬੀ ਨੌਵੀਂ ਅਤੇ ਦਸਵੀਂ ਜਮਾਤਾਂ ਤੋਂ ਪੜ੍ਹਾਉਣੀ ਸ਼ੁਰੂ ਕੀਤੀ ਜਾਂਦੀ ਹੈ, ਜਿਸ ਨਾਲ ਪੰਜਾਬੀ ਮੂਲ ਦੀ ਬੱਚਿਆਂ ਨੂੰ ਲੰਮਾ ਸਮਾਂ ਉਨ੍ਹਾਂ ਦੀ ਮਾਂ ਬੋਲੀ ਪੰਜਾਬੀ ਦੀ ਸਿੱਖਿਆ ਤੋਂ ਦੂਰ ਰਹਿਣਾ ਪੈਂਦਾ ਹੈ ।ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦਿੱਲੀ ਪ੍ਰਦੇਸ਼ ਦੇ ਸਾਬਕਾ ਪ੍ਰਧਾਨ ਸ. ਦਲਜੀਤ ਸਿੰਘ ਵਡਾਲੀ ਨੇ ਕਿਹਾ ਕਿ ਲਹਿੰਦੇ ਪੰਜਾਬ ਅੰਦਰ ਲੰਮੇ ਸਮੇਂ ਤੋਂ ਪੰਜਾਬੀ ਪੜ੍ਹਾਉਣ ਦਾ ਮਸਲਾ ਚਲਦਾ ਆ ਰਿਹਾ ਹੈ ਅਤੇ ਹੁਣ ਮੁੱਖ ਮੰਤਰੀ ਮਰੀਅਮ ਨਵਾਜ਼ ਵੱਲੋਂ ਕੀਤਾ ਗਿਆ ਐਲਾਨ ਸ਼ਲਾਘਾਯੋਗ ਕਦਮ ਹੈ, ਜਿਸ ਨੂੰ ਸੰਜੀਦਗੀ ਨਾਲ ਲਾਗੂ ਕੀਤਾ ਜਾਵੇ।

# ਡਾ. ਗੁਰਮੀਤ ਸਿੰਘ ਸੂਰਾ ਨੇ ਆਪਣਾ ਜਨਮ ਦਿਨ ਨਵੇਕਲੇ ਢੰਗ ਨਾਲ ਮਨਾਇਆ





ਨਵੀਂ ਦਿੱਲੀ, 3 ਅਪ੍ਰੈਲ (ਸੁਖਰਾਜ ਸਿੰਘ): ਭਾਰਤੀ ਜਨਤਾ ਪਾਰਟੀ ਦੇ ਪੱਛਮੀ ਜਿਲ੍ਹਾ ਦੇ ਇੰਚਾਰਜ ਡਾ. ਗੁਰਮੀਤ ਸਿੰਘ ਸੂਰਾ ਨੇ ਆਪਣਾ ਜਨਮ ਦਿਨ ਨਵੇਕਲੇ ਢੰਗ ਨਾਲ ਮਨਾਇਆ, ਬੀਤੇ ਦਿਨੀਂ ਡਾ. ਗੁਰਮੀਤ ਸਿੰਘ ਸੂਰਾ ਦਾ ਹਾਲ ਹੀ ਵਿੱਚ ਹੋਏ ਐਕਸੀਡੈਂਟ ਦੇ ਵਾਪਰੇ ਹਾਦਸੇ ਕਾਰਨ ਉਹਨਾਂ ਨੇ ਆਪਣਾ ਜਨਮ ਦਿਨ ਬਹੁਤ ਹੀ ਸਾਦੇ ਢੰਗ ਨਾਲ ਆਪਣੇ ਨਿਵਾਸ ਸਥਾਨ ਤੇ ਆਪਣੇ ਦੋਸਤਾਂ ਅਤੇ ਪਰਿਵਾਰ ਨਾਲ ਮਨਾਇਆ ।ਇਸ ਵਿਸੇਸ ਮੌਕੇ 'ਤੇ ਭਾਰਤੀ ਜਨਤਾ ਪਾਰਟੀ ਦੇ ਐਮ.ਪੀ ਉਮੀਦਵਾਰ ਸ੍ਰੀ ਹਰਸ ਮਲਹੋਤਰਾ ਵੀ ਆਪਣੀ ਟੀਮ ਨਾਲ ਉਨ੍ਹਾਂ ਨੂੰ ਸੁਭ ਕਾਮਨਾਵਾਂ ਦੇਣ ਲਈ ਪਹੁੰਚੇ, ਜਿੱਥੇ ਗੁਰਮੀਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਨੇ ਉਨ੍ਹਾਂ ਦਾ ਸਵਾਗਤ ਕੀਤਾ, ਉਨ੍ਹਾਂ ਦੇ ਨਾਲ ਸੰਪਤ ਬੋਥਰਾ, ਬੌਬੀ ਜੀ, ਮਲਕੀਤ ਸਿੱਧੂ, ਸੁਦੀਪ ਸਿੰਘ, ਗੌਰਵ ਆਜਾਦ, ਤਰਨ ਸਲੂਜਾ, ਰਮਨ ਵੋਹਰਾ, ਰਣਵੀਰ ਚੌਧਰੀ, ਹਰਦੀਪ ਸਿੰਘ, ਮਨਪ੍ਰੀਤ ਸਿੰਘ ਖਾਲਸਾ, ਜਸਵਿੰਦਰ ਦੁੱਗਲ, ਗੋਲਾ ਵੀਰ, ਅਮਿਤ ਮਹਿਰੋਲ, ਮੱਤਰ ਤੁਲੀ, ਪਵਨ ਲੋਹਾਰਾ, ਅਮਰਜੀਤ ਸਿੰਘ, ਕਮਲ ਆਨੰਦ, ਰਾਜੇਸ ਪਸਰੀਚਾ, ਕਮਲ ਕੌਰ, ਰਾਹੁਲ ਮਿਸਰਾ ਆਦਿ ਵੀ ਹਾਜਰ ਸਨ ।ਡਾ. ਗੁਰਮੀਤ ਸਿੰਘ ਸੂਰਾ ਨੇ ਆਪਣੇ ਇਲਾਕੇ ਦੇ ਲੋੜਵੰਦ ਬੱਚਿਆਂ ਨੂੰ ਕਿਤਾਬਾਂ, ਸਟੇਸਨਰੀ ਅਤੇ ਕੱਪੜੇ ਵੀ ਤਕਸੀਮ ਕੀਤੇ।